ਕੰਪਿਊਟਰ ਸਾਇੰਸ

(ਸੱਤਵੀਂ ਸ਼੍ਰੇਣੀ ਲਈ ਪਾਠ-ਪੁਸਤਕ)

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ 2016....................2,58,000 ਕਾਪੀਆਂ

All rights, including those of translation, reproduction
and annotation etc., are reserved by the
Punjab Government

ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
ਰਾਹੀਂ ਪ੍ਰਕਾਸ਼ਿਤ ਅਤੇ ਮੈਸ. : ਟੈਗੋਰ ਪ੍ਰਿੰਟਰਜ਼, ਜਲੰਧਰ ਦੁਆਰਾ ਛਾਪੀ ਗਈ।

ਮੁੱਖ-ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਪੱਧਰ ਦੇ ਪਾਠ-ਕ੍ਰਮਾਂ ਨੂੰ ਆਧੁਨਿਕ ਸੋਚ ਅਤੇ ਖੋਜ ਅਨੁਸਾਰ ਢਾਲਣ ਅਤੇ ਇਹਨਾਂ ਪਾਠ-ਕ੍ਰਮਾਂ ਅਨੁਸਾਰ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ। ਰਾਸ਼ਟਰੀ ਪੱਧਰ ਤੇ ਵਰਤਮਾਨ ਸੋਚ ਨੂੰ ਮੁੱਖ ਰਖਦੇ ਹੋਏ ਬੋਰਡ ਨੇ ਪਾਠ-ਪੁਸਤਕਾਂ ਦੀ ਨਵ-ਰਚਨਾ ਦਾ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਹੋਇਆ ਹੈ। ਇਹ ਪਾਠ-ਪੁਸਤਕਾਂ ਦੀ ਨਵ-ਰਚਨਾਂ ਦਾ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਹੋਇਆ ਹੈ। ਇਹ ਪਾਠ-ਪੁਸਤਕ ਇਸੇ ਪ੍ਰੋਗਰਾਮ ਦੀ ਇੱਕ ਕੜੀ ਹੈ।

ਕੰਪਿਊਟਰ ਸਾਇੰਸ ਵਿਸ਼ੇ ਦੇ ਅਧਿਐਨ ਦੀ ਲੋੜ ਦਿਨੋ-ਦਿਨ ਵੱਧਦੀ ਜਾ ਰਹੀ ਹੈ ਕਿਉਂਕਿ ਵਿਗਿਆਨ ਅਤੇ ਤਕਨੀਕ ਉੱਨਤੀ ਦੇ ਯੁਗ ਵਿੱਚ ਹਰ ਕਾਰਜ ਖੇਤਰ ਵਿੱਚ ਕਾਰਜ ਕੁਸ਼ਲਤਾ ਵਧਾਉਣ ਲਈ ਕੰਪਿਊਟਰ ਸਿੱਖਿਆ ਦੀ ਲੋੜ ਹੈ। ਸੂਚਨਾ ਤਕਨਾਲੋਜੀ ਦੇ ਪ੍ਰਸਾਰ ਅਤੇ ਸੰਚਾਰ ਦੀ ਤਰੱਕੀ ਨਾਲ, ਹਰ ਵਿਭਾਗ ਵਿੱਚੰ ਕੰਪਿਊਟਰੀਕਰਨ ਕੀਤਾ ਜਾ ਰਿਹਾ ਹੈ। ਵੱਖ-ਵੱਖ ਮਹਿਕਮਿਆਂ ਤੋਂ ਲੋੜੀਂਦੀ ਸੂਚਨਾ ਪ੍ਰਾਪਤ ਕਰਨ E-Ticketing ਅਤੇ ਇੰਟਰਨੈੱਟ ਦੀ ਵਰਤੋਂ ਦੀ ਸੁਵਿਧਾ ਲੈਣ ਲਈ ਕੰਪਿਊਟਰ ਸਿੱਖਿਆ ਹਰ ਵਿਅਕਤੀ ਲਈ ਲਾਜ਼ਮੀ ਹੋ ਗਈ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਨੇ ਅਜਿਹੀਆਂ ਜ਼ਰੂਰਤਾਂ ਨੂੰ ਮੁੱਖ ਰੱਖਦੇ ਹੋਏ, ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਕੰਪਿਊਟਰ ਸਾਇੰਸ ਵਿਸ਼ਾ ਐਲੀਮੈਂਟਰੀ ਅਤੇ ਸੈਕੰਡਰੀ ਪੱਧਰ ਤੇ ਲਾਜ਼ਮੀ ਵਿਸ਼ੇ ਵਜੋਂ ਲਾਗੂ ਕੀਤਾ ਹੈ। ਇਸ ਵਿਸ਼ੇ ਦਾ ਪਾਠਕ੍ਰਮ ਕੁਝ ਸਰਕਾਰੀ ਸਕੂਲਾਂ ਵਿੱਚ ਪਿਕਟਸ ਦੁਆਰਾ ਪਹਿਲਾਂ ਹੀ ਪੜ੍ਹਾਇਆ ਜਾ ਰਿਹਾ ਸੀ। ਅਧਿਆਪਕਾਂ ਦੀ ਮੰਗ ਅਨੁਸਾਰ ਪਾਠਕ੍ਰਮ ਵਿੱਚ ਲੋੜੀਂਦੀ ਸੋਧ ਕਰਕੇ ਪੁਸਤਕ ਪੰਜਾਬੀ ਮਾਧਿਅਮ ਵਿੱਚ ਸੋਧੇ ਹੋਏ ਰੂਪ ਵਿੱਚ ਛਪਾਈ ਗਈ ਹੈ। ਇਸ ਵਿਸ਼ੇ ਸੰਬੰਧੀ ਸਾਰੀ ਜਾਣਕਾਰੀ ਇਸ ਪੁਸਤਕ ਵਿੱਚ ਉਪਲੱਬਧ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਆਸ ਹੈ ਇਹ ਪੁਸਤਕ ਵਿਸ਼ੇ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਉਪਯੋਗੀ ਸਿੱਧ ਹੋਵੇਗੀ। ਪੁਸਤਕ ਨੂੰ ਚੰਗੇਰਾ ਬਣਾਉਣ ਲਈ ਖੇਤਰ ਵਿਚੋਂ ਆਏ ਸੁਝਾਵਾਂ ਦਾ ਸਤਿਕਾਰ ਕੀਤਾ ਜਾਵੇਗਾ।

ਚੇਅਰਪਰਸਨ

ਪੰਜਾਬ ਸਕੂਲ ਸਿੱਖਿਆ ਬੋਰਡ

ਲੇਖਕ :

ਸ੍ਰੀਮਤੀ ਪੂਜਾ ਅਰੋੜਾ

ਸਰਕਾਰੀ ਸੀ. ਸੈ. ਸਕੂਲ, ਸਹੋੜਾਂ (ਮੁਹਾਲੀ)

ਸ੍ਰੀਮਤੀ ਬਿੰਦੂ

ਸਰਕਾਰੀ ਮਾਡਲ ਸੀ. ਸੈ. ਸਕੂਲ, ਫੇਜ਼ 3 ਬੀ 1, ਮੁਹਾਲੀ

ਸਚਿਨ ਧੀਮਾਨ

ਸਰਕਾਰੀ ਸੀ. ਸੈ. ਸਕੂਲ, ਘੁਮੰਡਗੜ (ਸ੍ਰੀ ਫਤਹਿਗੜ ਸਾਹਿਬ)

ਗਗਨਦੀਪ ਸਿੰਘ

ਸਰਕਾਰੀ ਮਾਡਲ ਸੀ. ਸੈ. ਸਕੂਲ, ਫੇਜ਼ 3 ਬੀ 1, ਮੁਹਾਲੀ

ਸ੍ਰੀਮਤੀ ਅਮਰੀਸ਼ਪਾਲ ਕੌਰ

ਸਰਕਾਰੀ ਮਾਡਲ ਸੀ. ਸੈ. ਸਕੂਲ, ਖਰੜ (ਮੁਹਾਲੀ)

ਸੋਧਕ :

ਸ੍ਰੀਮਤੀ ਸੁਖਵਿੰਦਰ ਕੌਰ

ਸਰਕਾਰੀ ਸੀ. ਸੈ. ਸਕੂਲ, ਸਹੋੜਾਂ (ਮੁਹਾਲੀ)

ਕੋਆਰਡੀਨੇਟਰ :

ਮਨਵਿੰਦਰ ਸਿੰਘ

ਆਰਟਿਸਟ :

ਮਨਜੀਤ ਸਿੰਘ ਢਿੱਲੋਂ

ਇਹ ਪੁਸਤਕ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹੋਵੇਗੀ। ਇਸ ਪੁਸਤਕ ਦੀ ਬੇਹਤਰੀ ਲਈ ਖੇਤਰ ਵਿਚੋਂ ਆਏ ਸੁਝਾਵਾਂ ਦਾ ਸਤਿਕਾਰ ਕੀਤਾ ਜਾਵੇਗਾ। ਇਸ ਪੁਸਤਕ ਦੀ ਬਿਹਤਰੀ ਸੰਬੰਧੀ ਸੁਝਾਅ mathoda1@yahoo.com ਤੇ ਭੇਜੇ ਜਾ ਸਕਦੇ ਹਨ।

ਵਿਸ਼ਾ ਸੂਚੀ

ਲੜੀ ਨੰ.	ਅਧਿਆਇ		ਪੰਨਾ ਨੰ.
1.	ਟਾਈਪਿੰਗ ਟਿਊਟਰ		1-11
	1.1	ਟੱਚ ਟਾਈਪਿੰਗ	
	1.2	ਕੀਅ-ਬੋਰਡ ਉੱਤੇ ਉਂਗਲਾਂ ਦੀ ਸਥਿਤੀ	
	1.3	ਨੂਮੈਰਿਕ ਕੀਅ-ਪੈਡ	
	1.4	ਕੀਅ-ਬੋਰਡ ਦੀਆਂ ਮਹੱਤਵਪੂਰਨ ਕੀਜ਼	
	1.5	ਅਨਮੋਲ ਲਿਪੀ ਫ਼ੌਂਟ ਰਾਹੀਂ ਪੰਜਾਬੀ ਵਿੱਚ ਟਾਈਪਿੰਗ	
	1.6	ਟਾਈਪਿੰਗ ਸਪੀਡ ਵਧਾਉਣ ਲਈ ਹਿਦਾਇਤਾਂ	
	1.7	ਬੈਠਣ ਦਾ ਸਹੀ ਤਰੀਕਾ	
	1.8	ਲਗਾਤਾਰ ਟਾਈਪਿੰਗ ਕਰਨ ਉਪਰੰਤ ਹੋਣ ਵਾਲੇ ਤਣਾਅ ਅਤੇ ਬੇਅਰਾਮੀ ਤੋਂ ਬਚਣ ਲਈ ਸੁਝਾਅ	
2.	ਵਿੰਡੋਜ਼ ਐਕਸਪਲੋਰਰ		12-26
	2.1	ਵਿੰਡੋਜ਼ ਐਕਸਪਲੋਰਰ	
	2.2	ਵਿੰਡੋਜ਼ ਐਕਸਪਲੋਰਰ ਨੂੰ ਖੋਲ੍ਹਣਾ	
	2.3	ਵਿੰਡੋਜ਼ ਐਕਸਪਲੋਰਰ ਦੇ ਭਾਗ	
	2.4	ਵਿੰਡੋਜ਼ ਐਕਸਪਲੋਰਰ ਦੇ ਵਿਊ	
	2.5	ਫ਼ਾਈਲ ਅਤੇ ਫ਼ੋਲਡਰ ਨਾਲ਼ ਕੰਮ ਕਰਨਾ	
	2.6	ਸਰਚਿੰਗ	
	2.7	ਰਨ-ਕਮਾਂਡ ਦੀ ਵਰਤੋਂ	
	2.8	ਕੈਲਕੂਲੇਟਰ ਦੀ ਵਰਤੋਂ	
	2.9	ਕਸਟਮਾਇਜ਼ਿੰਗ ਡੈੱਸਕਟਾਪ	
3.	ਸਟੋਰੇਜ ਡਿਵਾਇਸਿਜ਼		27-34
	3.1	ਮੈਮਰੀ ਕੀ ਹੈ ?	
	3.2	ਮੈਮਰੀ ਦੀ ਵਰਤੋਂ	
	3.3	ਮੈਮਰੀ ਦੀਆਂ ਕਿਸਮਾਂ	
	3.3.1	ਪ੍ਰਾਇਮਰੀ ਮੈਮਰੀ	
	3.3.2	ਸੈਕੰਡਰੀ ਮੈਮਰੀ	
4.	ਐੱਮ. ਐੱਸ ਵਰਡ ਵਿੱਚ ਫਾਰਮੈਟਿੰਗ (ਭਾਗ-1)		35-58
	4.1	ਸਿਲੈਕਸ਼ਨ ਆਫ ਟੈਕਸਟ	
	4.2	ਕੱਟ, ਕਾਪੀ ਅਤੇ ਪੇਸਟ	
	4.3	ਫਾਰਮੈਟ ਪੇਂਟਰ	
	4.4	ਟੈੱਕਸਟ ਫ਼ਾਰਮੈਟਿੰਗ	
	4.5	ਟੈੱਕਸਟ ਇਫੈਕਟਸ	
	4.6	ਚੇਂਜ ਟੈੱਕਸਟ ਕੇਸ	
	4.7	ਬੁਲੇਟ ਜਾਂ ਨੰਬਰ	
	4.8	ਟੈੱਕਸਟ ਦੀ ਅਲਾਈਨਮੈਂਟ	
	4.9	ਲਾਈਨ ਸਪੇਸ ਐਡਜਸਟ ਕਰਨਾ	
	4.10	ਸ਼ੇਡਿੰਗ	
	4.11	ਫ਼ਾਈਂਡ ਅਤੇ ਰਿਪਲੇਸ	

4.12 ਪੇਜ ਬ੍ਰੇਕ
4.13 ਪੇਜ ਨੰਬਰ
4.14 ਹੈੱਡਰ ਤੇ ਫ਼ੁੱਟਰ
4.15 ਪਿਕਚਰ/ਕਲਿੱਪ ਆਰਟ
4.16 ਸ਼ੇਪਸ ਦਾਖ਼ਲ ਕਰਨਾ
4.17 ਸਮਾਰਟ ਆਰਟ ਗ੍ਰਾਫਿਕਸ
4.18 ਟੈਕਸਟ ਬਾਕਸ ਦਾਖਲ ਕਰਨਾ
4.19 ਵਾਰਡ ਆਰਟ
4.20 ਸਿੰਬਲਸ
5. ਐੱਮ. ਐੱਸ ਵਰਡ ਵਿੱਚ ਫਾਰਮੈਟਿੰਗ (ਭਾਗ-2) 59-76
5.1 ਪਿਕਚਰ ਟੂਲ (ਫ਼ਾਰਮੈਟ ਟੈਬ)
5.2 ਪੇਜ ਲੇਅ-ਆਊਟ
5.3 ਪੇਜ ਬੈਕਗ੍ਰਾਊਂਡ
5.4 ਰਿਵਿਊ
5.5 ਪ੍ਰਿੰਟਿੰਗ ਡਾਕੂਮੈਂਟਸ
6. ਮਲਟੀਮੀਡੀਆ ਨਾਲ਼ ਜਾਣ-ਪਛਾਣ 77-85
6.1 ਮਲਟੀਮੀਡੀਆ ਦੇ ਭਾਗ
6.2 ਮਲਟੀਮੀਡੀਆ ਲਈ ਜ਼ਰੂਰਤਾਂ
6.3 ਮਲਟੀਮੀਡੀਆ ਪ੍ਰੈਜ਼ੈਂਟੇਸ਼ਨ
6.4 ਮਲਟੀਮੀਡੀਆ ਦੇ ਖੇਤਰ
7. ਐੱਮ. ਐੱਸ ਡਾਸ 86-92
7.1 ਯੂਜ਼ਰ ਇੰਟਰਫ਼ੇਸ
7.2 ਡਾਸ ਕੀ ਹੈ ?
7.3 ਕਮਾਂਡ ਪ੍ਰੌਂਮਪਟ
8. ਡਾਸ ਕਮਾਂਡਜ਼ 93-106
8.1 ਐੱਮ. ਐੱਸ. ਡਾਸ ਲਈ ਲੁੜੀਂਦੀਆਂ ਫ਼ਾਈਲਾਂ
8.2 ਐੱਮ. ਐੱਸ. ਡਾਸ ਦੀਆਂ ਕਮਾਂਡਾਂ
8.3 ਡਾਸ ਡਿਸਕ ਦਾ ਕਿਵੇਂ ਪ੍ਰਬੰਧ ਕਰਦਾ ਹੈ ?
8.4 ਫ਼ਾਈਲਾਂ ਨੂੰ ਨਾਮ ਕਿਵੇਂ ਦਿੱਤਾ ਜਾਂਦਾ ਹੈ।
8.5 ਰੂਟ ਡਾਇਰੈਕਟਰੀ
8.6 ਡਾਸ ਦੀ ਡਾਇਰੈਕਟਰੀ ਬਣਤਰ
8.7 ਇੰਟਰਨਲ ਕਮਾਂਡਜ਼
8.8 ਐਕਸਟਰਨਲ ਕਮਾਂਡਜ਼
8.9 ਐੱਮ. ਐੱਸ. ਡਾਸ ਐਡੀਟਰ
8.10 ਬੈਚ ਫ਼ਾਈਲ

ਪਾਠ 1

ਟਾਈਪਿੰਗ ਟਿਊਟਰ

ਇਸ ਪਾਠ ਦੇ ਉਦੇਸ਼

1.1 ਟੱਚ-ਟਾਈਪਿੰਗ
1.2 ਕੀਅ-ਬੋਰਡ ਉੱਤੇ ਉਂਗਲ਼ਾਂ ਦੀ ਸਥਿਤੀ
  1.2.1 ਹੋਮ ਲਾਈਨ
  1.2.2 ਦੂਜੀ ਲਾਈਨ
  1.2.3 ਤੀਜੀ ਲਾਈਨ
  1.2.4 ਚੌਥੀ ਲਾਈਨ
1.3 ਨੁਮੈਰਿਕ ਕੀਅ-ਪੈਡ
1.4 ਕੀਅ-ਬੋਰਡ ਦੀਆਂ ਮਹੱਤਵਪੂਰਨ ਕੀਜ਼
1.5 ਅਨਮੋਲ ਲਿਪੀ ਫ਼ੌਂਟ ਰਾਹੀਂ ਪੰਜਾਬੀ ਵਿੱਚ ਟਾਈਪਿੰਗ
1.6 ਟਾਈਪਿੰਗ ਸਪੀਡ ਵਧਾਉਣ ਲਈ ਹਿਦਾਇਤਾਂ
1.7 ਬੈਠਣ ਦਾ ਸਹੀ ਤਰੀਕਾ
1.8 ਲਗਾਤਾਰ ਟਾਈਪਿੰਗ ਕਰਨ ਉਪਰੰਤ ਹੋਣ ਵਾਲੇ ਤਣਾਅ ਅਤੇ ਬੇਅਰਾਮੀ ਤੋਂ ਬਚਨ ਲਈ ਸੁਝਾਅ

ਜਾਣ-ਪਛਾਣ:

ਇਸ ਪਾਠ ਵਿੱਚ ਅਸੀਂ ਟਾਈਪਿੰਗ ਵਿੱਚ ਮੁਹਾਰਤ ਹਾਸਲ ਕਰਨ ਦੇ ਤਰੀਕੇ ਸਿੱਖਾਂਗੇ। **ਇਸ ਦੇ ਨਾਲ਼ ਹੀ** ਅਸੀਂ ਕੀਅ -**ਬੋਰਡ ਦੀ ਸਹੀ ਵਰਤੋਂ ਕਰਨੀ** ਅਤੇ **ਕੀਅ-ਬੋਰਡ ਉੱਤੇ** ਉਂਗਲ਼ਾਂ ਦੀ **ਸਥਿਤੀ ਬਾਰੇ ਵੀ** ਜਾਣਕਾਰੀ ਹਾਸਲ ਕਰਾਂਗੇ। ਟਾਈਪਿੰਗ ਟਿਊਟਰ ਇੱਕ ਪ੍ਰੋਗਰਾਮ ਹੈ, ਜਿਸ ਰਾਹੀਂ ਅਸੀਂ ਟੱਚ-ਟਾਈਪਿੰਗ ਕਰਨਾ ਸਿਖਦੇ ਹਾਂ। ।

1.1 ਟੱਚ- ਟਾਈਪਿੰਗ

ਟੱਚ-ਟਾਈਪਿੰਗ ਇੱਕ ਅਜਿਹੀ ਤਕਨੀਕ ਹੈ, ਜਿਸ ਰਾਹੀਂ ਅਸੀਂ ਬਿਨਾਂ ਕੀਅ-ਬੋਰਡ ਨੂੰ ਦੇਖੇ, ਪੜਾਅ ਦਰ ਪੜਾਅ, ਆਪਣੀਆਂ ਸਾਰੀਆਂ ਉਂਗਲ਼ਾਂ ਦੀ ਵਰਤੋ ਕਰਕੇ ਤੇਜ਼ ਰਫ਼ਤਾਰ ਨਾਲ਼ ਟਾਈਪਿੰਗ ਕਰਨੀ ਸਿੱਖ ਸਕਦੇ ਹਾਂ। ਜੇਕਰ ਅਸੀਂ ਕੀਅ-ਬੋਰਡ ਨੂੰ ਦੇਖ ਕੇ ਇੱਕ -ਇੱਕ ਕੀਅ ਲੱਭ ਕੇ ਟਾਈਪਿੰਗ ਕਰਦੇ ਹਾਂ ਤਾਂ ਸਾਡੀ ਟਾਈਪਿੰਗ ਸਪੀਡ ਬਹੁਤ ਘਟ ਜਾਂਦੀ ਹੈ। **ਹੇਠਾਂ ਦਿੱਤੇ ਚਿੱਤਰ ਵਿੱਚ** ਕੀਅ- **ਬੋਰਡ ਨੂੰ ਦੋ ਭਾਗਾਂ ਵਿੱਚ** ਵੰਡਿਆ ਗਿਆ ਹੈ। **ਪਹਿਲਾ ਭਾਗ ਖੱਬੇ** ਹੱਥ ਲਈ ਤੇ **ਦੂਸਰਾ ਭਾਗ ਸੱਜੇ** ਹੱਥ ਲਈ ਹੈ।

ਚਿਤਰ 1.1: ਟਾਈਪਿੰਗ ਲਈ ਦੋ ਭਾਗਾਂ ਵਿੱਚ ਕੀਅ-ਬੋਰਡ ਦੀ ਵੰਡ: ਖੱਬਾ ਅਤੇ ਸੱਜਾ

1.2 ਕੀਅ-ਬੋਰਡ ਉੱਤੇ ਉਂਗਲ਼ਾਂ ਦੀ ਸਥਿਤੀ:

ਖੱਬੇ ਪਾਸੇ ਵਾੱਲੀਆਂ ਕੀਜ਼ ਖੱਬੇ ਹੱਥ ਦੀਆਂ ਉਂਗਲ਼ਾਂ ਨਾਲ਼ ਦਬਾਈਆਂ ਜਾਂਦੀਆਂ ਹਨ। ਇਸੇ ਤਰ੍ਹਾਂ ਸੱਜੇ ਪਾਸੇ ਵਾਲੀਆਂ ਕੀਜ਼ ਸੱਜੇ ਹੱਥ ਦੀਆਂ ਉਂਗਲ਼ਾਂ ਨਾਲ਼ ਦਬਾਈਆਂ ਜਾਂਦੀਆਂ ਹਨ। ਕੀਅ-ਬੋਰਡ ਦੀਆਂ ਮੁੱਖ ਚਾਰ ਲਾਈਨਾਂ ਹੁੰਦੀਆਂ ਹਨ। ਦੋਹਾਂ ਹੱਥਾਂ ਦੀਆਂ ਉਂਗਲ਼ਾਂ ਨੂੰ A ਤੋਂ ਸ਼ੁਰੂ ਹੋਣ ਵਾੱਲੀ ਲਾਈਨ ਉੱਤੇ ਰੱਖਿਆ ਜਾਂਦਾ ਹੈ। ਉੱਪਰਲੀ ਜਾਂ ਹੇਠਲੀ ਲਾਈਨ ਦੀ ਕਿਸੇ ਕੀਅ ਨੂੰ ਦਬਾਉਣ ਉਪਰੰਤ ਉਂਗਲ਼ਾਂ ਫਿਰ ਇਸੇ ਲਾਈਨ ਉੱਤੇ ਵਾਪਿਸ ਆ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਇਸ ਲਾਈਨ ਨੂੰ ਹੋਮ-ਰੋਅ ਕਿਹਾ ਜਾਂਦਾ ਹੈ।

ਚਿਤਰ 1.2:ਹੋਮ-ਰੋਅ ਉੱਤੇ ਉਂਗਲ਼ਾਂ **ਦੀ ਸਥਿਤੀ**

1.2.1 **ਹੋਮ-ਰੋਅ:** ਹੇਠ ਦਿੱਤੇ ਚਿੱਤਰ ਵਿੱਚ ਹੋਮ-ਰੋਅ ਉੱਤੇ ਉਂਗਲ਼ਾਂ ਦੀ ਸਥਿਤੀ ਦਿਖਾਈ ਗਈ ਹੈ। ਆਪਣੀਆਂ ਉਂਗਲ਼ਾਂ ਨੂੰ ਹੋਮ-ਰੋਅ ਦੀ **ਪੁਜ਼ੀਸ਼ਨ** ਵਿੱਚ ਕੀਅ-ਬੋਰਡ ਉੱਤੇ ਰੱਖੋ।



ਚਿਤਰ 1.3: ਹੋਮ-ਰੋਅ ਕੀਜ਼ ਉੱਤੇ ਉਂਗਲ਼ਾਂ ਦੀ ਸਥਿਤੀ

ਸਭ ਤੋਂ ਪਹਿਲਾਂ ਸਾਡੇ ਖੱਬੇ ਹੱਥ ਦੀ ਚੌਥੀ ਉਂਗਲ਼ (ਲਿਟਲ ਫਿੰਗਰ) 'A' ਕੀਅ ਉੱਤੇ, ਤੀਸਰੀ ਉਂਗਲ਼ 'S' ਕੀਅ ਉੱਤੇ, ਦੂਸਰੀ ਉਂਗਲ਼ 'D' ਕੀਅ ਉੱਤੇ ਅਤੇ ਪਹਿਲੀ ਉਂਗਲ਼ 'F' ਕੀਅ ਅਤੇ ਵਾਰੀ-ਵਾਰੀ 'G' ਕੀਅ ਉੱਤੇ ਹੋਣੀ ਚਾਹੀਦੀ ਹੈ। ਇਸੇ ਪ੍ਰਕਾਰ ਸੱਜੇ ਹੱਥ ਦੀ ਚੌਥੀ, ਤੀਸਰੀ, ਦੂਜੀ ਅਤੇ ਪਹਿਲੀ ਉਂਗਲ਼ ਕ੍ਰਮਵਾਰ ';', 'L', 'K', 'J' ਅਤੇ 'H' ਉੱਤੇ ਹੋਣੀ ਚਾਹੀਦੀ ਹੈ।



ਖੱਬਾ ਹੱਥ

ਸੱਜਾ ਹੱਥ

ਛੋਟੀ (ਲਿਟਲ/ਪਿੰਕੀ) ਉਂਗਲੀ	A
ਰਿੰਗ ਉਂਗਲੀ	S
ਮਿਡਲ (ਵਿਚਲੀ) ਉਂਗਲੀ	D
ਇਨਡੈਕਸ(ਪਹਿਲੀ) ਉਂਗਲੀ	F ਅਤੇ G

ਛੋਟੀ (ਲਿਟਲ/ਪਿੰਕੀ) ਉਂਗਲੀ	;
ਰਿੰਗ ਉਂਗਲੀ	L
ਮਿਡਲ (ਵਿਚਲੀ) ਉਂਗਲੀ	K
ਇਨਡੈਕਸ(ਪਹਿਲੀ) ਉਂਗਲੀ	J ਅਤੇ H

ਚਿਤਰ 1.4: ਦੋਵੇਂ ਹੱਥਾਂ ਦੀਆਂ ਹੋਮ-ਰੋਅ ਦੀਆਂ ਕੀਜ਼

1.2.2 **ਦੂਜੀ ਰੋਅ:** ਮੰਨ ਲਵੋ ਸਾਡੀਆਂ ਉਂਗਲਾਂ ਹੋਮ-ਕੀਅ ਉੱਤੇ ਸਥਿਤ ਹਨ। ਹੁਣ ਸਾਨੂੰ ਆਪਣੇ ਖੱਬੇ ਹੱਥ ਦੀ ਚੌਥੀ ਉਂਗਲ਼ (ਲਿਟਲ ਫਿੰਗਰ) ਨੂੰ 'Q' ਕੀਅ ਉੱਤੇ, ਤੀਸਰੀ ਉਂਗਲ਼ ਨੂੰ 'W' ਕੀਅ ਉੱਤੇ, ਦੂਸਰੀ ਉਂਗਲ਼ ਨੂੰ 'E' ਕੀਅ ਉੱਤੇ ਅਤੇ ਪਹਿਲੀ ਉਂਗਲ਼ ਨੂੰ 'R' ਕੀਅ ਜਾਂ 'T' ਕੀਅ ਉੱਤੇ ਵਾਰੀ-ਵਾਰੀ ਰੱਖੋ। ਇਸੇ ਤਰ੍ਹਾਂ ਸੱਜੇ ਹੱਥ ਦੀ ਚੌਥੀ ਉਂਗਲ਼ ਨੂੰ 'P' ਕੀਅ ਉੱਤੇ, ਤੀਸਰੀ ਉਂਗਲ਼ ਨੂੰ 'O' ਕੀਅ ਉੱਤੇ, ਦੂਸਰੀ ਉਂਗਲ਼ ਨੂੰ 'I' ਕੀਅ ਉੱਤੇ ਅਤੇ ਪਹਿਲੀ ਉਂਗਲ਼ ਨੂੰ 'U' ਉੱਤੇ ਜਾਂ 'Y' ਕੀਅ ਉੱਤੇ ਵਾਰੀ-ਵਾਰੀ ਰੱਖੋ।



ਛੋਟੀ (ਲਿਟਲ/ ਪਿੰਕੀ) ਉਂਗਲੀ	Q
ਰਿੰਗ ਉਂਗਲੀ	W
ਮਿਡਲ (ਵਿਚਲੀ) ਉਂਗਲੀ	E
ਇਨਡੈਕਸ(ਪਹਿਲੀ) ਉਂਗਲੀ	R ਅਤੇ T

ਛੋਟੀ (ਲਿਟਲ/ਪਿੰਕੀ) ਉਂਗਲੀ	P
ਰਿੰਗ ਉਂਗਲੀ	O
ਮਿਡਲ (ਵਿਚਲੀ) ਉਂਗਲੀ	I
ਇਨਡੈਕਸ(ਪਹਿਲੀ) ਉਂਗਲੀ	U ਅਤੇ Y

ਚਿਤਰ 1.5: ਦੋਂਹਾਂ ਹੱਥਾਂ ਦੀਆਂ ਦੂਜੀ ਰੋਅ ਦੀਆਂ ਕੀਜ਼

1.2.3 **ਤੀਜੀ ਰੋਅ:** ਮੰਨ ਲਵੋ ਕਿ ਸਾਡੀਆਂ ਉਂਗਲਾਂ ਹੋਮ ਕੀਅ ਉੱਤੇ ਸਥਿਤ ਹਨ। ਹੁਣ ਸਾਡੇ ਖੱਬੇ ਹੱਥ ਦੀ ਚੌਥੀ ਉਂਗਲ਼ (ਲਿਟਲ ਫਿੰਗਰ) ਨੂੰ 'Z' ਕੀਅ ਉੱਤੇ ਜਾਵੇਗੀ ਤੇ ਫਿਰ ਵਾਪਸ ਹੋਮ-ਰੋਅ ਉੱਤੇ ਆ ਜਾਵੇਗੀ । ਇਸੇ ਤਰ੍ਹਾਂ ਤੀਸਰੀ ਉਂਗਲ਼ 'X' ਕੀਅ ਉੱਤੇ, ਦੂਸਰੀ ਉਂਗਲ਼ 'C' ਕੀਅ ਅਤੇ ਪਹਿਲੀ ਉਂਗਲ਼ 'V' ਕੀਅ ਜਾਂ 'B' ਕੀਅ ਉੱਤੇ ਵਾਰੀ ਵਾਰੀ ਰੱਖੋ। ਇਸੇ ਤਰ੍ਹਾਂ ਸੱਜੇ ਹੱਥ ਦੀ ਚੌਥੀ ਉਂਗਲ਼ '/' ਕੀਅ ਤੀਸਰੀ ਉਂਗਲ਼ ਨੂੰ '.' ਕੀਅ ਉੱਤੇ ਦੂਸਰੀ ਉਂਗਲ਼ ਨੂੰ ',' ਕੀਅ ਉੱਤੇ ਅਤੇ ਪਹਿਲੀ ਉਂਗਲ਼ ਨੂੰ 'M' ਕੀਅ ਜਾਂ 'N' ਕੀਅ ਉੱਤੇ ਵਾਰੀ- ਵਾਰੀ ਰੱਖੋ।

Z X C V B | N M , . /

ਖੱਬਾ ਹੱਥ ਸੱਜਾ ਹੱਥ

ਛੋਟੀ (ਲਿਟਲ/ਪਿੰਕੀ) ਉਂਗਲ਼ੀ	Z
ਰਿੰਗ ਉਂਗਲ਼ੀ	X
ਮਿਡਲ (ਵਿਚਲੀ) ਉਂਗਲ਼ੀ	C
ਇਨਡੈਕਸ(ਪਹਿਲੀ) ਉਂਗਲ਼ੀ	V ਅਤੇ B

ਛੋਟੀ (ਲਿਟਲ/ਪਿੰਕੀ) ਉਂਗਲ਼ੀ	/
ਰਿੰਗ ਉਂਗਲ਼ੀ	.
ਮਿਡਲ (ਵਿਚਲੀ) ਉਂਗਲ਼ੀ	,
ਇਨਡੈਕਸ(ਪਹਿਲੀ) ਉਂਗਲ਼ੀ	M ਅਤੇ N

ਚਿਤਰ 1.6: ਦੋਂਹਾਂ ਹੱਥਾਂ ਦੀਆਂ ਤੀਜੀ ਰੋਅ ਦੀਆਂ ਕੀਜ਼

1.2.4 **ਚੌਥੀ ਰੋਅ:** ਚੌਥੀ ਰੋਅ ਅੰਕਾਂ ਦੀ ਕੀਜ਼ ਨਾਲ਼ ਸੰਬੰਧਿਤ ਹੈ। ਅੰਕਾਂ ਨੂੰ ਟਾਈਪ ਕਰਦੇ ਸਮੇਂ ਬੜੀ ਸਾਵਧਾਨੀ ਨਾਲ਼ ਕੰਮ ਕਰਨਾ ਚਾਹੀਦਾ ਹੈ। ਸਾਡੀਆਂ ਉਂਗਲ਼ਾਂ ਹੋਮ ਲਾਈਨੋਂ੍ਖ ਹੋਣੀਆਂ ਚਾਹੀਦੀਆਂ ਹਨ। ਅੰਕਾਂ ਨੂੰ 100% ਸਹੀ ਟਾਈਪ ਕਰਨ ਲਈ ਸੁਝਾਅ ਦਿੱਤਾ ਜਾਂਦਾ ਹੈ ਕਿ ਜਿਹੜੇ ਅੰਕ ਵਾਲੀ ਕੀਅ ਦਬਾਉਣੀ ਹੈ, ਉਸ ਦੀ ਸੰਬੰਧਿਤ ਉਂਗਲ਼ ਨਾਲ਼ ਉਸ ਨੂੰ ਦਬਾਓ ਤੇ ਫਿਰ ਹੋਮ-ਕੀਅ ਉੱਤੇ ਵਾਪਸ ਲੈ ਆਓ। ਜੇਕਰ ਸਾਰਾ ਕੰਮ ਅੰਕਾਂ ਨਾਲ਼ ਸੰਬੰਧਿਤ ਹੋਵੇ ਤਾਂ ਉਂਗਲ਼ਾਂ ਨੂੰ ਚੌਥੀ ਲਾਈਨ ਉੱਤੇ ਹੀ ਰੱਖੀ ਰੱਖੋ।



ਖੱਬਾ ਹੱਥ ਸੱਜਾ ਹੱਥ

ਚਿਤਰ 1.7: ਦੋਂਹਾਂ ਹੱਥਾਂ ਦੀਆਂ ਚੌਥੀ ਰੋਅ ਦੀਆਂ ਕੀਜ਼

1 2 3 4 5 | 6 7 8 9 0

ਖੱਬਾ ਹੱਥ ਸੱਜਾ ਹੱਥ

ਛੋਟੀ (ਲਿਟਲ/ਪਿੰਕੀ) ਉਂਗਲ਼ੀ	1
ਰਿੰਗ ਉਂਗਲ਼ੀ	2
ਮਿਡਲ (ਵਿਚਲੀ) ਉਂਗਲ਼ੀ	3
ਇਨਡੈਕਸ(ਪਹਿਲੀ) ਉਂਗਲ਼ੀ	4 ਅਤੇ 5

ਛੋਟੀ (ਲਿਟਲ/ਪਿੰਕੀ) ਉਂਗਲ਼ੀ	0
ਰਿੰਗ ਉਂਗਲ਼ੀ	9
ਮਿਡਲ (ਵਿਚਲੀ) ਉਂਗਲ਼ੀ	8
ਇਨਡੈਕਸ(ਪਹਿਲੀ) ਉਂਗਲ਼ੀ	7 ਅਤੇ 6

ਚਿਤਰ 1.8: ਦੋਂਹਾਂ ਹੱਥਾਂ ਦੀਆਂ ਚੌਥੀ ਰੋਅ ਦੀਆਂ ਕੀਜ਼

1.3 ਨੁਮੈਰਿਕ ਕੀਅ-ਪੈਡ :

ਅੰਕਾਂ ਨੂੰ ਦਾਖ਼ਲ ਕਰਵਾਉਣ ਲਈ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਤੇਜ਼ ਤਰੀਕਾ ਹੈ - ਨੁਮੈਰਿਕ ਕੀਅ ਪੈਡ। ਇਹ ਕੀਅ- ਬੋਰਡ ਦੇ ਸੱਜੇ ਪਾਸੇ ਲੱਗੀ ਹੁੰਦੀ ਹੈ।

ਆਪਣੀਆਂ ਉਂਗਲ਼ਾਂ ਨੂੰ ਨੁਮੈਰਿਕ ਕੀਅ- ਪੈਡ ਉੱਤੇ ਹੇਠਾਂ ਲਿਖੇ ਅਨੁਸਾਰ ਰੱਖੋ :

- ਸੱਜੇ ਹੱਥ ਦਾ ਅੰਗੂਠਾ '0' ਉੱਤੇ
- ਸੱਜੇ ਹੱਥ ਦੀ ਪਹਿਲੀ ਉਂਗਲ਼ '4' ਉੱਤੇ
- ਸੱਜੇ ਹੱਥ ਦੀ ਦੂਸਰੀ ਉਂਗਲ਼ '5' ਉੱਤੇ
- ਸੱਜੇ ਹੱਥ ਦੀ ਚੌਥੀ ਉਂਗਲ਼ '6' ਉੱਤੇ

ਚਿੱਤਰ 1.9: ਨੁਮੈਰਿਕ ਕੀਅ- ਪੈਡ

ਨੋਟ: ਨੰਬਰ ਪੈਡ ਵਰਤਣ ਲਈ NUM Lock ਬਟਨ ON ਦੀ ਸਥਿਤੀ ਵਿੱਚ ਹੋਣਾ ਚਾਹੀਦਾ ਹੈ। ਬਜ਼ਾਰ ਵਿੱਚ ਟਾਈਪਿੰਗ ਕਰਨ ਲਈ ਐਕਸਟਰਨਲ ਯੂ.ਐੱਸ.ਬੀ ਕੀਅ- ਪੈਡ ਵੀ ਉਪਲਬਧ ਹਨ।

1.4 ਕੀਅ-ਬੋਰਡ ਦੀਆਂ ਖ਼ਾਸ ਕੀਜ਼:

- ਸਪੇਸ ਬਾਰ :- ਦੋ ਸ਼ਬਦਾਂ ਵਿੱਚ ਖ਼ਾਲੀ ਥਾਂ (ਸਪੇਸ) ਛੱਡਣ ਲਈ ਸਪੇਸ-ਬਾਰ ਕੀਅ ਦੀ ਵਰਤੋਂ ਕੀਤੀ ਜਾਂਦੀ ਹੈ। ਅਸੀਂ ਇਸ ਲਈ ਆਪਣੇ ਸੱਜੇ ਹੱਥ ਦੇ ਅੰਗੂਠੇ ਦੀ ਵਰਤੋਂ ਕਰਦੇ ਹਾਂ।
- ਐਂਟਰ-ਕੀਅ :- ਇਹ ਕੀਅ ਨਵੀਂ ਲਾਈਨ 'ਤੇ ਜਾਣ ਲਈ ਵਰਤੀ ਜਾਂਦੀ ਹੈ। ਐਂਟਰ-ਕੀਅ ਦਬਾਉਣ ਲਈ ਅਸੀਂ ਆਪਣੇ ਸੱਜੇ ਹੱਥ ਦੀ ਸਭ ਤੋਂ ਛੋਟੀ ਉਂਗਲ਼ ਦੀ ਵਰਤੋਂ ਕਰਦੇ ਹਾਂ।
- ਬੈਕ ਸਪੇਸ :- ਇਹ ਕੀਅ ਕਰਸਰ ਦੇ ਖੱਬੇ ਪਾਸੇ ਇੱਕ ਅੱਖਰ ਮਿਟਾਉਣ ਲਈ ਵਰਤੀ ਜਾਂਦੀ ਹੈ। ਅਸੀਂ ਇਸ ਲਈ ਆਪਣੇ ਸੱਜੇ ਹੱਥ ਦੀ ਛੋਟੀ ਉਂਗਲ਼ ਦੀ ਵਰਤੋਂ ਕਰਦੇ ਹਾਂ।
- ਸ਼ਿਫ਼ਟ- ਕੀਅ :- ਇਹ ਕੀਅ, ਕੀਅ- ਬੋਰਡ ਦੇ ਦੋਵੇਂ ਪਾਸੇ ਲੱਗੀ ਹੁੰਦੀ ਹੈ। ਇਹ ਵੱਡੇ ਅੱਖਰ (ਕੈਪੀਟਲ ਲੈਟਰ) ਲਿਖਣ ਲਈ ਵਰਤੀ ਜਾਂਦੀ ਹੈ। ਜੇਕਰ ਖੱਬੇ ਹੱਥ ਨਾਲ਼ ਕੋਈ ਵੱਡਾ ਅੱਖਰ ਲਿਖਣਾ ਹੋਵੇ ਤਾਂ ਸੱਜੇ ਹੱਥ ਦੀ ਚੌਥੀ ਉਂਗਲ਼ ਨਾਲ਼ ਸ਼ਿਫ਼ਟ ਬਟਨ ਦਬਾਓ। ਇਸੇ ਤਰ੍ਹਾਂ ਸੱਜੇ ਹੱਥ ਨਾਲ਼ ਵੱਡਾ ਅੱਖਰ ਲਿਖਣ ਲਈ ਖੱਬੇ ਹੱਥ ਦੀ ਚੌਥੀ ਉਂਗਲ਼ ਨਾਲ਼ ਸ਼ਿਫ਼ਟ ਬਟਨ ਦਬਾਓ।
- ਕੈਪਸ ਲੌਕ ਕੀਅ :- ਜੇਕਰ ਪੂਰਾ ਸ਼ਬਦ, ਲਾਈਨ ਜਾਂ ਪੈਰਾ ਵੱਡੇ ਅੱਖਰਾਂ ਵਿੱਚ ਲਿਖਣਾ ਹੋਵੇ ਤਾਂ ਕੈਪਸ ਲੌਕ ਕੀਅ ਨੂੰ ON ਦੀ ਸਥਿਤੀ ਵਿੱਚ ਰੱਖੋ।ਅਸੀਂ ਇਸ ਲਈ ਆਪਣੇ ਖੱਬੇ ਹੱਥ ਦੀ ਛੋਟੀ ਉਂਗਲ ਦੀ ਵਰਤੋਂ ਕਰਦੇ ਹਾਂ।

1.5 ਅਨਮੋਲ ਲਿਪੀ ਰਾਹੀਂ ਪੰਜਾਬੀ ਵਿੱਚ ਟਾਈਪਿੰਗ:

ਅਨਮੋਲ ਲਿਪੀ ਫ਼ੌਂਟ ਰਾਹੀਂ ਅਸੀਂ ਅਸਾਨੀ ਨਾਲ਼ ਪੰਜਾਬੀ ਵਿੱਚ ਟਾਈਪਿੰਗ ਕਰ ਸਕਦੇ ਹਾਂ। ਅਸੀਂ **ਅੰਗਰੇਜ਼ੀ** ਭਾਸ਼ਾ ਦੀ ਟਾਈਪਿੰਗ ਵਿੱਚ ਵਰਤੀ ਜਾਣ ਵਾਲ਼ੀ ਉਂਗਲ਼ਾਂ ਦੀ ਸਥਿਤੀ ਅਨੁਸਾਰ ਪੰਜਾਬੀ ਭਾਸ਼ਾ ਵਿੱਚ ਵੀ ਟਾਈਪਿੰਗ ਦਾ ਅਭਿਆਸ ਕਰ ਸਕਦੇ ਹਾਂ ਪਰ ਟਾਈਪ ਕਰਨ ਤੋਂ ਪਹਿਲਾਂ ਸਾਨੂੰ ਅਨਮੋਲ ਲਿਪੀ ਫ਼ੌਂਟ ਚੁਣਨਾ ਪਵੇਗਾ।

ਅਨਮੋਲ ਲਿਪੀ ਕੀਅ-ਮੈਪ ਹੇਠਾਂ ਦਿਖਾਏ ਚਿੱਤਰ ਅਨੁਸਾਰ ਹੈ:

ਚਿੱਤਰ 1.10: ਅਨਮੋਲ ਲਿਪੀ ਕੀਅ-ਮੈਪ

1.6 ਟਾਈਪਿੰਗ ਸਪੀਡ ਵਧਾਉਣ ਲਈ ਹਿਦਾਇਤਾਂ:

1. ਸਾਡੇ ਹੱਥ/ਉਂਗਲ਼ਾਂ ਦੀ ਸਥਿਤੀ ਹਮੇਸ਼ਾਂ ਹੋਮ-ਰੋਅ ਉੱਤੇ ਹੋਣੀ ਚਾਹਿਦੀ ਹੈ। ਸਾਨੂੰ ਹਮੇਸ਼ਾਂ ਇਸ ਸਥਿਤੀ ਤੋਂ ਸ਼ੁਰੂ ਕਰਨਾ ਅਤੇ ਵਾਪਸ ਆਉਣਾ ਚਾਹੀਦਾ ਹੈ। ਸਾਨੂੰ ਹੋਮ-ਰੋਅ ਪੁਜੀਸ਼ਨ ਤੋਂ ਹੋਰਨਾਂ ਕੀਜ਼ ਤੱਕ ਪਹੁੰਚ ਕਰਨੀ ਚਾਹੀਦੀ ਹੈ।
2. ਸਾਨੂੰ ਰਫ਼ਤਾਰ ਨਾਲ਼ੋਂ, ਅਪਣਾ ਧਿਆਨ ਸਹੀ ਕੀਅ ਦਬਾਉਣ ਉੱਤੇ ਵੱਧ ਰੱਖਣਾ ਚਾਹੀਦਾ ਹੈ। ਰਫ਼ਤਾਰ (ਸਪੀਡ) ਸਮੇਂ ਅਤੇ ਅਭਿਆਸ ਨਾਲ਼ ਆਪਣੇ-ਆਪ ਆ ਜਾਵੇਗੀ।
3. ਕੀਅ- ਬੋਰਡ ਉੱਤੇ ਨਾ ਦੇਖੋ।
4. ਲਗਾਤਾਰ, ਅਰਾਮ ਨਾਲ਼ ਅਤੇ ਸਹੀ ਟਾਈਪ ਕਰਨ ਵੱਲ ਧਿਆਨ ਰਖੋ।
5. ਜਿਵੇਂ- ਜਿਵੇਂ ਅਸੀਂ ਹਰ-ਇੱਕ ਕੀਅ ਨੂੰ ਦਬਾਉਂਦੇ ਹਾਂ, ਸਾਨੂੰ ਉਹ ਅੱਖਰ ਅਪਣੇ ਮਨ ਵਿੱਚ ਦੁਹਰਾਉਣਾ ਚਾਹੀਦਾ ਹੈ।

1.7 ਬੈਠਣ ਦਾ ਤਰੀਕਾ :

ਟਾਈਪਿੰਗ ਕਰਦੇ ਸਮੇਂ ਸਾਨੂੰ ਬੈਠਣ ਦੇ ਸਹੀ ਤਰੀਕੇ ਬਾਰੇ ਪਤਾ ਹੋਣਾ ਚਾਹੀਦਾ ਹੈ। ਇਸ ਲਈ ਹੇਠਾਂ ਲਿਖੀਆਂ ਗੱਲਾਂ ਉੱਤੇ ਅਮਲ ਕਰੋ।

1. ਸਾਨੂੰ ਬਿਲਕੁਲ ਸਿੱਧੇ ਅਤੇ ਕੀਅ-ਬੋਰਡ ਦੇ ਬਿਲਕੁਲ ਸਾਹਮਣੇ ਬੈਠਣਾ ਚਾਹੀਦਾ ਹੈ।
2. ਸਾਡੇ ਪੈਰ **ਜ਼**ਮੀਨ ਉੱਤੇ ਸਿੱਧੇ ਹੋਣੇ ਚਾਹੀਦੇ ਹਨ।
3. ਕੰਪਿਊਟਰ ਦਾ **ਮੌਨੀਟਰ** ਸਾਡੀਆਂ ਅੱਖਾਂ ਦੇ ਬਰਾਬਰ ਸਾਹਮਣੇ ਹੋਣਾ ਚਾਹੀਦਾ ਹੈ।



ਚਿਤਰ 1.11: ਬੈਠਣ ਦਾ ਤਰੀਕਾ

4. ਸਾਡੀ ਨਜ਼ਰ **ਮੌਨੀਟਰ** ਉੱਤੇ ਜਾਂ ਕਾਪੀ ਉੱਤੇ ਹੋਣੀ ਚਾਹੀਦੀ ਹੈ।
5. ਸਾਡੀਆਂ ਉਂਗਲ਼ਾਂ ਗੁਲ਼ਾਈ ਵਿੱਚ ਅਤੇ ਹੋਮ-ਰੋਅ ਕੀਜ਼ ਉੱਤੇ ਹੋਣੀਆਂ ਚਾਹੀਦੀਆਂ ਹਨ।
6. ਸਾਨੂੰ ਹਰ-ਇੱਕ ਕੀਅ ਨੂੰ ਜਲਦੀ ਨਾਲ਼ ਦਬਾਕੇ, ਮੁੜ ਹੋਮ-ਰੋਅ ਪੁਜ਼ੀਸ਼ਨ ਉੱਤੇ ਆਉਣਾ ਚਾਹੀਦਾ ਹੈ।

1.8 ਲਗਾਤਾਰ ਟਾਈਪਿੰਗ ਕਰਨ ਉਪਰੰਤ ਹੋਣ ਵਾਲ਼ੇ ਤਣਾਅ ਤੋਂ ਬਚਨ ਲਈ ਸੁਝਾਅ:

1. ਆਪਣੇ ਕੰਪਿਊਟਰ ਦੇ ਸਾਹਮਣੇ ਸਹੀ ਢੰਗ ਨਾਲ਼ ਬੈਠੋ। ਸਾਡੀ ਸਕਰੀਨ ਸਾਡੇ ਤੋਂ ਦੋ ਫ਼ੁਟ ਦੂਰ ਹੋਣੀ ਚਾਹੀਦੀ ਹੈ ਅਤੇ ਸਾਡੀ ਕਾਪੀ ਸਾਡੀਆਂ ਅੱਖਾਂ ਦੇ ਸਾਹਮਣੇ ਹੋਣੀ ਚਾਹੀਦੀ ਹੈ।
2. ਜੇਕਰ ਕੁਰਸੀ 'ਤੇ ਬੈਠ ਕੇ ਸਾਡੇ ਗੋਡੇ 90 ਡਿਗਰੀ 'ਤੇ ਮੁੜੇ ਹੋਏ ਹਨ ਅਤੇ ਸਾਡੇ ਪੈਰ ਜ਼ਮੀਨ 'ਤੇ ਸਿੱਧੇ ਹਨ ਤਾਂ ਸਾਡੀ ਕੁਰਸੀ ਦੀ ਉਚਾਈ ਬਿਲਕੁਲ ਸਹੀ ਹੈ ।
3. ਆਪਣੇ ਕੀਅ-ਬੋਰਡ ਨੂੰ ਇਸ ਤਰ੍ਹਾਂ ਸੈੱਟ ਕਰੋ ਕਿ ਉਹ ਬਿਲਕੁਲ ਸਿੱਧਾ ਅਤੇ ਪਿਛੋਂ ਹਲਕਾ ਜਿਹਾ ਉਠਿਆ ਹੋਵੇ। ਆਪਣੇ ਕੀਅ-ਬੋਰਡ ਨੂੰ ਹੇਠਾਂ ਵੱਲ ਝੁਕਿਆ ਹੋਇਆ ਨਾ ਰੱਖੋ।
4. ਟਾਈਪਿੰਗ ਕਰਦੇ ਸਮੇਂ ਆਪਣੇ ਗੁੱਟਾਂ ਨੂੰ ਸਿੱਧੇ ਰੱਖੋ ਅਤੇ ਕੂਹਣੀਆਂ ਨੂੰ 90 ਡਿਗਰੀ ਦੇ ਐਂਗਲ 'ਤੇ ਮੋੜੋ। ਟਾਈਪਿੰਗ ਕਰਦੇ ਸਮੇਂ ਸਾਡੇ ਗੁੱਟ ਟੇਬਲ ਉੱਤੇ ਟਿਕੇ ਨਹੀਂ ਹੋਣੇ ਚਾਹੀਦੇ।
5. ਜਦੋਂ ਅਸੀਂ ਟਾਇਪਿੰਗ ਨਹੀਂ ਕਰ ਰਹੇ ਤਾਂ ਸਾਨੂੰ ਆਪਣੇ ਗੁੱਟਾਂ ਨੂੰ ਅਰਾਮ ਦੇਣਾ ਚਾਹੀਦਾ ਹੈ।
6. ਟਾਇਪਿੰਗ ਦੌਰਾਨ ਇੱਕ ਵੱਡੇ ਅੰਤਰਾਲ ਦੀ ਜਗ੍ਹਾ ਥੋੜੇ-ਥੋੜੇ ਸਮੇਂ ਲਈ ਅਰਾਮ ਕਰੋ।
7. ਕੰਮ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਅੰਤਰਾਲ ਦੌਰਾਨ ਆਪਣੀਆਂ ਬਾਂਹਾਂ ਨੂੰ ਖਿੱਚੋ ਅਤੇ ਆਪਣੀਆਂ ਬਾਂਹਾਂ ਨੂੰ ਕਸਰਤ ਨਾਲ਼ ਮਜ਼ਬੂਤ ਬਣਾਓ।
8. ਰੋਜ਼ਾਨਾ ਕਸਰਤ ਕਰੋ। ਇਸ ਨਾਲ਼ ਸਾਡਾ ਸਰੀਰ ਟਾਈਪਿੰਗ ਕਰਨ ਉਪਰੰਤ ਹੋਣ ਵਾਲ਼ੇ ਤਨਾਅ ਤੋ ਬਚਣ ਵਿੱਚ ਮਦਦ ਕਰਦਾ ਹੈ।

ਯਾਦ ਰੱਖਣ ਯੋਗ ਗੱਲਾਂ

1. ਟੱਚ-ਟਾਈਪਿੰਗ ਇੱਕ ਅਜਿਹੀ ਤਕਨੀਕ ਹੈ,ਜਿਸ ਰਾਹੀਂ ਅਸੀਂ ਬਿਨਾਂ ਕੀਅ-ਬੋਰਡ ਨੂੰ ਦੇਖੇ ਤੇਜ਼ ਰਫ਼ਤਾਰ ਨਾਲ਼ ਟਾਈਪਿੰਗ ਕਰਨੀ ਸਿੱਖਦੇ ਹਾਂ।
2. **ਕੀਅ ਬੋਰਡ ਨੂੰ ਦੋ ਭਾਗਾਂ ਵਿੱਚ** ਵੰਡਿਆ ਗਿਆ **ਹੈ। ਪਹਿਲਾ ਭਾਗ ਖੱਬਾ ਪਾਸਾ ਹੈ ਤੇ ਦੂਸਰਾ ਭਾਗ ਸੱਜਾ ਪਾਸਾ।**
3. **ਖੱਬੇ ਪਾਸੇ ਵਾੱਲੀਆਂ ਕੀਜ਼ ਖੱਬੇ ਹੱਥ ਦੀਆਂ ਉਂਗਲ਼ਾਂ ਨਾਲ਼ ਦਬਾਈਆਂ ਜਾਂਦੀਆਂ ਹਨ। ਇਸੇ ਤਰ੍ਹਾਂ ਸੱਜੇ ਪਾਸੇ ਵਾਲੀਆਂ ਕੀਜ਼ ਸੱਜੇ ਹੱਥ ਦੀਆਂ ਉਂਗਲ਼ਾਂ ਨਾਲ਼ ਦਬਾਈਆਂ ਜਾਂਦੀਆਂ ਹਨ।**
4. **ਅੰਕਾਂ ਨੂੰ ਦਾਖ਼ਲ ਕਰਵਾਉਣ ਲਈ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਤੇਜ਼ ਤਰੀਕਾ ਹੈ - ਨੁਮੈਰਿਕ ਕੀਅ- ਪੈਡ।** ਇਹ ਕੀਅ ਬੋਰਡ ਦੇ ਸੱਜੇ ਪਾਸੇ ਹੁੰਦਾ ਹੈ।
5. ਦੋ ਸ਼ਬਦਾਂ ਵਿੱਚ ਪਾਲੀ ਥਾਂ (ਸਪੇਸ) ਛੱਡਣ ਲਈ ਸਪੇਸ ਬਾਰ-ਕੀਅ ਦੀ ਵਰਤੋਂ ਕੀਤੀ ਜਾਂਦੀ ਹੈ। ਸਪੇਸ ਬਾਰ ਦਬਾਉਣ ਲਈ ਅਸੀਂ ਆਪਣੇ ਸੱਜੇ ਹੱਥ ਦੇ ਅੰਗੂਠੇ ਦੀ ਵਰਤੋਂ ਕਰਦੇ ਹਾਂ।
6. ਬੈਕ ਸਪੇਸ :- ਕਰਸਰ ਦੇ ਖੱਬੇ ਪਾਸੇ ਇੱਕ ਅੱਖਰ ਮਿਟਾਉਣ ਲਈ ਵਰਤੀ ਜਾਂਦੀ ਹੈ।
7. ਅਨਮੋਲ ਲਿਪੀ ਫ਼ੌਂਟ ਰਾਹੀਂ ਅਸੀਂ ਅਸਾਨੀ ਨਾਲ਼ ਪੰਜਾਬੀ ਵਿੱਚ ਟਾਈਪਿੰਗ ਕਰ ਸਕਦੇ ਹਾਂ।
8. ਸਾਡੇ ਹੱਥ/ਉਂਗਲ਼ਾਂ ਦੀ ਸਥਿਤੀ ਹਮੇਸ਼ਾਂ ਹੋਮ-ਰੋਅ ਉੱਤੇ ਹੋਣੀ ਚਾਹੀਦੀ ਹੈ। ਸਾਨੂੰ ਹਮੇਸ਼ਾਂ ਇਸ ਸਥਿਤੀ ਤੋਂ ਸ਼ੁਰੂ ਕਰਨਾ ਅਤੇ ਵਾਪਸ ਆਉਣਾ ਚਾਹੀਦਾ ਹੈ।
9. ਐਂਟਰ-ਕੀਅ :- ਇਸ ਕੀਅ ਦੀ ਵਰਤੋਂ ਅਗਲੀ ਲਾਈਨ 'ਤੇ ਜਾਣ ਲਈ ਕੀਤੀ ਜਾਂਦੀ ਹੈ।
10. ਸਾਨੂੰ ਰਫਤਾਰ ਨਾਲ਼ੋਂ, ਅਪਣਾ ਧਿਆਨ ਸਹੀ ਕੀਅ ਦਬਾਉਣ ਉੱਤੇ ਵੱਧ ਰੱਖਣਾ ਚਾਹੀਦਾ ਹੈ। ਰਫ਼ਤਾਰ (ਸਪੀਡ) ਸਮੇਂ ਅਤੇ ਅਭਿਆਸ ਨਾਲ਼ ਆਪਣੇ-ਆਪ ਆ ਜਾਵੇਗੀ।

ਅਭਿਆਸ

1. ਖਾਲੀ ਥਾਂਵਾਂ ਭਰੋ:-

1. ਨੰਬਰ ਪੈਡ ਦੀ ਵਰਤੋਂ ਲਈ, ___________ ਕੀਅ ਆਨ ਹੋਣੀ ਚਾਹੀਦੀ ਹੈ।
   (ੳ) Num lock (ਅ) Caps Lock (ੲ) scroll lock (ਸ) ਕੋਈ ਨਹੀਂ
2. ਹੋਮ-ਰੋਅ ਵਿੱਚ, ਖੱਬੇ ਹੱਥ ਦੀ ਸਭ ਤੋਂ ਛੋਟੀ ਉਂਗਲ਼ੀ ਨਾਲ਼ ___________ ਕੀਅ ਦਬਾਈ ਜਾਂਦੀ ਹੈ।
   (ੳ) A (ਅ) S (ੲ) D (ਸ) F
3. ਹੋਮ-ਰੋਅ ਵਿੱਚ, ਸਜੇ ਹੱਥ ਦੀ ਵਿਚਲੀ ਉਂਗਲ਼ੀ ਨਾਲ਼ ___________ ਕੀਅ ਦਬਾਈ ਜਾਂਦੀ ਹੈ।
   (ੳ) J (ਅ) K (ੲ) L (ਸ) ;
4. ਦੂਸਰੀ ਰੋਅ ਵਿੱਚ, ਖੱਬੇ ਹੱਥ ਦੀ ਰਿੰਗ ਉਂਗਲ਼ੀ ਨਾਲ਼ ___________ ਕੀਅ ਦਬਾਈ ਜਾਂਦੀ ਹੈ।
   (ੳ) Q (ਅ) W (ੲ) E (ਸ) R
5. ਤੀਸਰੀ ਰੋਅ ਵਿੱਚ, ਸੱਜੇ ਹੱਥ ਦੀ ਇੰਡੈਕਸ ਉਂਗਲ਼ੀ ਨਾਲ਼ ___________ ਕੀਅ ਦਬਾਈ ਜਾਂਦੀ ਹੈ।
   (ੳ) B (ਅ) N (ੲ) M (ਸ) ,

2. ਸਹੀ ਜਾਂ ਗਲਤ:-

1. ਟਾਈਪਿੰਗ ਕਰਨ ਲਈ **ਕੀਅ- ਬੋਰਡ ਨੂੰ ਦੋ ਭਾਗਾਂ ਵਿੱਚ** ਵੰਡਿਆ ਗਿਆ **ਹੈ। ਪਹਿਲਾ ਭਾਗ ਖੱਬਾ ਪਾਸਾ ਹੈ ਤੇ ਦੂਸਰਾ ਭਾਗ ਸੱਜਾ ਪਾਸਾ।**
2. ਟੱਚ-ਟਾਈਪਿੰਗ ਇੱਕ ਅਜਿਹੀ ਤਕਨੀਕ ਹੈ ਜਿਸ ਰਾਹੀਂ ਅਸੀਂ ਬਿਨਾਂ ਕੀਅ-ਬੋਰਡ ਨੂੰ ਦੇਖੇ, ਤੇਜ਼ ਰਫ਼ਤਾਰ ਨਾਲ਼ ਟਾਈਪਿੰਗ ਕਰਨੀ ਸਿੱਖਦੇ ਹਾਂ।
3. ਅਨਮੋਲ ਲਿਪੀ ਫ਼ੌਂਟ ਰਾਹੀਂ ਅਸੀਂ ਅਸਾਨੀ ਨਾਲ਼ ਪੰਜਾਬੀ ਵਿੱਚ ਟਾਈਪਿੰਗ ਕਰ ਸਕਦੇ ਹਾਂ।
4. ਸਪੇਸ-ਬਾਰ ਦਬਾਉਣ ਲਈ ਅਸੀਂ ਆਪਣੇ ਸੱਜੇ ਹੱਥ ਦੇ ਅੰਗੂਠੇ ਦੀ ਵਰਤੋਂ ਕਰਦੇ ਹਾਂ।
5. ਐਂਟਰ-ਕੀਅ ਅਗਲੀ ਲਾਈਨ 'ਤੇ ਜਾਣ ਲਈ ਵਰਤੀ ਜਾਂਦੀ ਹੈ।

3. ਛੋਟੇ ਉੱਤਰਾਂ ਵਾਲੇ ਪ੍ਰਸ਼ਨ-

1. ਟੱਚ ਟਾਈਪਿੰਗ ਕੀ ਹੁੰਦੀ ਹੈ।
2. ਹੋਮ-ਰੋਅ ਉੱਤੇ ਉਂਗਲ਼ਾਂ ਦੀ ਸਥਿਤੀ ਬਾਰੇ ਦੱਸੋ।
3. ਦੂਜੀ ਰੋਅ ਉੱਤੇ ਉਂਗਲ਼ਾਂ ਦੀ ਸਥਿਤੀ ਬਾਰੇ ਦੱਸੋ।
4. ਤੀਜੀ ਰੋਅ ਉੱਤੇ ਉਂਗਲ਼ਾਂ ਦੀ ਸਥਿਤੀ ਬਾਰੇ ਦੱਸੋ।
5. ਨੁਮੈਰਿਕ ਕੀਅ-ਪੈਡ ਤੋਂ ਅੰਕ ਟਾਈਪ ਕਰਨ ਸਮੇਂ ਕਿਸ ਹੱਥ ਦੀ ਵਰਤੋਂ ਕਰਨੀ ਚਾਹੀਦੀ ਹੈ? ਅਤੇ ਨੁਮੈਰਿਕ ਕੀਅ-ਪੈਡ ਉੱਤੇ ਉਂਗਲ਼ਾਂ ਦੀ ਸਥਿਤੀ ਬਾਰੇ ਦੱਸੋ।

4. ਵੱਡੇ ਉੱਤਰਾਂ ਵਾਲੇ ਪ੍ਰਸ਼ਨ -

1. ਅਨਮੋਲ ਲਿਪੀ ਕੀਅ-ਮੈਪ ਬਣਾਓ।
2. ਟਾਈਪਿੰਗ ਸਪੀਡ ਨੂੰ ਕਿਵੇਂ ਵਧਾਇਆ ਜਾ ਸਕਦਾ ਹੈ?
3. ਟਾਈਪਿੰਗ ਕਰਦੇ ਸਮੇਂ ਬੈਠਣ ਦੇ ਸਹੀ ਤਰੀਕੇ ਬਾਰੇ ਦੱਸੋ।

4. ਹੇਠ ਲਿਖਿਆਂ ਕੀਜ਼ ਬਾਰੇ ਦਸੋ:

a) ਸਪੇਸ-ਬਾਰ

b) ਐਂਟਰ-ਕੀਅ

c) ਬੈਕ-ਸਪੇਸ

d) ਸ਼ਿਫਟ-ਕੀਅ

e) ਕੈਪਸ ਲੋਕ-ਕੀਅ

ਲੈਬ ਐਕਟਿਵਿਟੀ



ਅਭਿਆਸ I

asdfg ;lkjh asdfg ;lkjh asdfg ;lkjh asdfg ;lkjh asdfg ;lkjh asdfg ;lkjh asdfg ;lkjh asdfg ;lkjh asdfg ;lkjh asdfg ;lkjh asdfg ;lkjh asdfg ;lkjh asdfg ;lkjh asdfg ;lkjh asdfg ;lkjh

ਅਭਿਆਸ II

ask	fad	alsas	shad	lads	flags	flask
jag	fag	fall	hash	glad	galls	salad
jak	had	gaff	dash	gall	flash	slash
sad	lad	adds	lash	hall	lakhs	dhalls
dad	asks	alas	dall	fall	glass	shall

ਅਭਿਆਸ III

qwert poiuy qwert poiuy qwert poiuy qwert poiuy qwert poiuy qwert poiuy
qwert poiuy qwert poiuy qwert poiuy qwert poiuy qwert poiuy qwert poiuy

ਅਭਿਆਸ IV

awerqfa ;oiupj; awerqfa ;oiupj; awerqfa ;oiupj; awerqfa ;oiupj;
awerqfa ;oiupj; awerqfa ;oiupj; awerqfa ;oiupj; awerqfa ;oiupj;
awerqfa ;oiupj; awerqfa ;oiupj; awerqfa ;oiupj; awerqfa ;oiupj;
awerqfa ;oiupj; awerqfa ;oiupj; awerqfa ;oiupj; awerqfa ;oiupj;

ਅਭਿਆਸ V

fish	dirks	oldest	apple	grade	falls	Kodak	rails	jaded
dead	usual	sales	filed	legal	lease	lakes	agile	isles
ahead	larks	roses	hedge	forks	skill	rupee	grass	would
alpine	jaded	liked	equip	quail	jokes	asked	walks	fiddle
saddle	larger	require	defiles	drawls	refresh			

ਅਭਿਆਸ VI

azxcvf	lkmnbj	azxcvf	lkmnbj	azxcvf	lkmnbj	azxcvf	lkmnbj
azxcvf	lkmnbj	azxcvf	lkmnbj	azxcvf	lkmnbj	azxcvf	lkmnbj
azxcvf	lkmnbj	azxcvf	lkmnbj	azxcvf	lkmnbj	azxcvf	lkmnbj
azxcvf	lkmnbj	azxcvf	lkmnbj	azxcvf	lkmnbj	azxcvf	lkmnbj
azxcvf	lkmnbj	azxcvf	lkmnbj	azxcvf	lkmnbj	azxcvf	lkmnbj

ਅਭਿਆਸ VII

cat	jack	colour	neither	enemy	boat	Calcutta
not	have	joints	calling	voted	very	vineyard
met	wind	nerves	enlarge	money	move	material
men	verb	verbal	someone	marry	give	sterling
bent	joint	jackets	examine	thousand	cylinder	assessment
king	carry	jumbled	examined	struggle	possible	beginning
zeal	night	booklet	gracious	grizzled	frequent	meanings
zero	tonic	cutting	becoming	zodiacal	exponent	doubtless

ਅਭਿਆਸ VIII

12345	098767	12345	098767	12345	098767	12345
12345	098767	12345	098767	12345	098767	12345

ਅਭਿਆਸ IX

ਹੇਠਾਂ ਦਿੱਤੇ ਵਾਕਾਂ ਨੂੰ ਪੰਜ ਵਾਰ ਟਾਈਪ ਕਰੋ:

1. Lost time is never regained.
2. Get- up early and do your work.
3. To-day's youth and to-morrow's old.
4. Age is a virtue when wisdom is with it.
5. Measure your word before it goes out of you.
6. My steps are measured.
7. A friend in need is a friend indeed.
8. Children are innocent and should be guided rightly.
9. Our Land has great sages who knew the eternal truth.
10. Truth never fails.

ਅਭਿਆਸ X

ਹੇਠਾਂ ਦਿੱਤੇ ਪੈਰੇ ਨੂੰ ਦਸ ਵਾਰ ਟਾਈਪ ਕਰੋ:

Our flag is a tri-colour. Saffron is the symbol of sacrifice and a strong mind. White is the symbol of purity, love and peace. Green is the symbol of plenty and joy. We hoist and salute our flag. We are ready to make sacrifices for our country. We want peace and progress. We want to be pure.

ਪਾਠ 2

ਵਿੰਡੋਜ਼ ਐਕਸਪਲੋਰਰ

ਇਸ ਪਾਠ ਦੇ ਉਦੇਸ਼

2.1 ਵਿੰਡੋਜ਼ ਐਕਸਪਲੋਰਰ -Windows Explorer

2.2 ਵਿੰਡੋਜ਼ ਐਕਸਪਲੋਰਰ ਨੂੰ ਖੋਲ੍ਹਣਾ- Opening Windows Explorer

2.3 ਵਿੰਡੋਜ਼ ਐਕਸਪਲੋਰਰ ਦੇ ਭਾਗ- Parts of Windows Explorer

    2.3.1 ਲੋਕੇਸ਼ਨ ਦੀ ਲੜੀ (Hierarchy of Location)

2.4 ਵਿੰਡੋਜ਼ ਐਕਸਪਲੋਰਰ ਦੇ ਵਿਉ- Windows Explorer Views

2.5 ਫ਼ਾਈਲ ਅਤੇ ਫ਼ੋਲਡਰ ਨਾਲ਼ ਕੰਮ ਕਰਨਾ-Working with File and Folder

    2.5.1 ਆਈਟਮ ਨੂੰ ਸਿਲੈਕਟ ਕਰਨਾ-Selecting an Item

    2.5.2 ਫ਼ੋਲਡਰ ਨੂੰ ਬਣਾਉਣਾ-Creating a Folder

    2.5.3 ਕਾਪੀ ਅਤੇ ਪੇਸਟ ਦੀ ਵਰਤੋਂ ਨਾਲ਼ ਆਈਟਮ ਨੂੰ ਕਾਪੀ ਕਰਨਾ

    2.5.4 ਕੱਟ ਅਤੇ ਪੇਸਟ ਦੀ ਵਰਤੋਂ ਨਾਲ਼ ਆਈਟਮ ਨੂੰ ਮੂਵ ਕਰਨਾ

    2.5.5 ਸੈਂਡ ਟੂ ਦੀ ਵਰਤੋਂ ਨਾਲ਼ ਆਈਟਮ ਨੂੰ ਕਾਪੀ ਕਰਨਾ

2.6 ਸਰਚਿੰਗ (Searching)

2.7 ਰਨ- ਕਮਾਂਡ ਦੀ ਵਰਤੋਂ (Using Run Command)

2.8 ਕੈਲਕੂਲੇਟਰ ਦੀ ਵਰਤੋਂ (Using Calculator)

2.9 ਕਸਟਮਾਇਜ਼ਿੰਗ ਡੈੱਸਕਟਾਪ (Customizing Desktop)

ਜਾਣ-ਪਛਾਣ:(Introduction)

ਵਿੰਡੋਜ਼ ਐਕਸਪਲੋਰਰ ਆਪਰੇਟਿੰਗ ਸਿਸਟਮ ਦੀ ਮੱਹਤਵਪੂਰਨ ਐਪਲੀਕੇਸ਼ਨ ਹੈ। ਇਹ ਸਾਨੂੰ ਕੰਪਿਊਟਰ ਵਿੱਚ ਮੌਜੂਦ ਫ਼ਾਈਲਾਂ ਅਤੇ ਫ਼ੋਲਡਰਾਂ ਨਾਲ਼ ਜੋੜਦਾ ਹੈ।ਮੁੱਖ ਤੌਰ 'ਤੇ ਐਕਸਪਲੋਰਰ ਦੋ ਤਰ੍ਹਾਂ ਦੇ ਹੁੰਦੇ ਹਨ-ਵਿੰਡੋਜ਼ ਐਕਸਪਲੋਰਰ ਅਤੇ ਇੰਟਰਨੈੱਟ ਐਕਸਪਲੋਰਰ। ਇੰਟਰਨੈੱਟ ਐਕਸਪਲੋਰਰ ਦੀ ਵਰਤੋਂ ਇੰਟਰਨੈੱਟ ਐਪਲੀਕੇਸ਼ਨ ਲਈ ਕੀਤੀ ਜਾਂਦੀ ਹੈ। ਇਸ ਪਾਠ ਵਿੱਚ ਅਸੀਂ ਕੇਵਲ ਵਿੰਡੋਜ਼ ਐਕਸਪਲੋਰਰ ਬਾਰੇ ਹੀ ਪੜ੍ਹਾਂਗੇ।

2.1 ਵਿੰਡੋਜ਼ ਐਕਸਪਲੋਰਰ (Windows Explorer):

ਅਸੀਂ ਜਾਣਦੇ ਹੀ ਹਾਂ ਕਿ ਵਿੰਡੋਜ਼ ਐਕਸਪਲੋਰਰ ਆਪਰੇਟਿੰਗ ਸਿਸਟਮ ਦੀ ਮੱਹਤਵਪੂਰਨ ਐਪਲੀਕੇਸ਼ਨ ਹੈ ।ਵਿੰਡੋਜ਼ ਐਕਸਪਲੋਰਰ ਨੂੰ ਫ਼ਾਈਲ ਐਕਸਪਲੋਰਰ ਵੀ ਕਿਹਾ ਜਾਂਦਾ ਹੈ। ਇਸ ਦੀ ਵਰਤੋਂ ਸਾਡੇ ਕੰਪਿਊਟਰ ਵਿੱਚ ਮੌਜੂਦ ਫ਼ਾਈਲਾਂ ਅਤੇ ਫ਼ੋਲਡਰਾਂ ਨੂੰ ਦੇਖਣ ਲਈ ਕੀਤੀ ਜਾਂਦੀ ਹੈ ।ਅਸੀਂ ਕੰਪਿਊਟਰ ਵਿੱਚ ਮੌਜੂਦ ਡਿਸਕ ਦਾ ਡਾਟਾ, ਫ਼ੋਲਡਰ ਅਤੇ ਲਾਇਬ੍ਰੇਰੀ ਨੂੰ ਖੋਲ੍ਹ ਕੇ ਦੇਖ ਸਕਦੇ ਹਾਂ ਅਤੇ ਕਿਸੇ ਆਈਟਮ ਲਈ ਸਰਚ ਵੀ ਕਰ ਸਕਦੇ ਹਾਂ ।ਅਸੀਂ ਇਸ ਦੀ ਵਰਤੋਂ ਫ਼ਾਈਲਾਂ ਜਾਂ ਫ਼ੋਲਡਰਾਂ ਨੂੰ ਖੋਲ੍ਹਣ, ਡਿਲੀਟ ਕਰਨ, ਰੀਨੇਮ ਕਰਨ, ਕਾਪੀ ਕਰਨ, ਮੂਵ ਕਰਨ ਅਤੇ ਨਵਾਂ ਫ਼ੋਲਡਰ ਬਣਾਉਣ ਲਈ ਕਰ ਸਕਦੇ ਹਾਂ ।

ਵਿੰਡੋਜ਼ ਐਕਸਪਲੋਰਰ ਦਾ ਮੁੱਖ ਕੰਮ ਕੰਪਿਊਟਰ ਵਿੱਚ ਮੌਜੂਦ ਹਾਰਡ ਡਿਸਕ ਅਤੇ ਇਸ ਦੇ ਨਾਲ਼ ਜੁੜੇ ਹੋਏ ਮੀਡੀਆ ਨੂੰ ਨੇਵੀਗੇਟ ਕਰਨ ਲਈ ਗ੍ਰਾਫਿਕਲ ਇੰਟਰਫੇਸ ਪ੍ਰਦਾਨ ਕਰਨਾ ਹੈ। ਇਸ ਦੀ ਵਰਤੋਂ ਕੰਪਿਊਟਰ ਦੀ ਹਾਰਡ ਡਿਸਕ ਵਿੱਚ ਮੌਜੂਦ ਫ਼ਾਈਲਾਂ / ਫ਼ੋਲਡਰਾਂ ਨੂੰ ਦੇਖਣ, ਵਿਵਸਥਿਤ ਕਰਨ ਅਤੇ ਇਹਨਾਂ ਦਾ ਸਹੀ ਪ੍ਰਬੰਧ ਕਰਨ ਲਈ ਕੀਤੀ ਜਾਂਦੀ ਹੈ।

2.2 ਵਿੰਡੋਜ਼ ਐਕਸਪਲੋਰਰ ਨੂੰ ਖੋਲ੍ਹਣਾ (Opening Windows Explorer):

ਵਿੰਡੋਜ਼ ਐਕਸਪਲੋਰਰ ਨੂੰ ਖੋਲ੍ਹਣ ਦੇ ਕਈ ਤਰੀਕੇ ਹਨ। ਆਓ ਇਹਨਾਂ ਤਰੀਕਿਆਂ ਬਾਰੇ ਪੜ੍ਹੀਏ:

1. ਵਿੰਡੋਜ਼- ਕੀਅ ( ) ਅਤੇ **E** ਬਟਨ ਨੂੰ ਇਕੱਠਾ ਦਬਾਓ।

ਜਾਂ

2. ਵਿੰਡੋਜ਼- ਕੀਅ ਦਬਾਓ- ਆਲ ਪ੍ਰੋਗਰਾਮ 'ਤੇ ਕਲਿੱਕ ਕਰੋ->ਐਕਸੈੱਸਰੀਜ਼->ਵਿੰਡੋਜ਼ ਐਕਸਪਲੋਰਰ 'ਤੇ ਕਲਿੱਕ ਕਰੋ।

ਜਾਂ

3. ਵਿੰਡੋਜ਼- ਕੀਅ ਦਬਾਓ-ਸਰਚ ਬਾਕਸ ਖੁੱਲ੍ਹੇਗਾ ਹੁਣ ਇਸ ਵਿੱਚ explorer ਟਾਈਪ ਕਰੋ।

ਜਾਂ

4. ਵਿੰਡੋਜ਼- ਕੀਅ ( ) ਅਤੇ R ਕੀਅ ਇੱਕਠੀਆਂ ਦਬਾਓ-ਰਨ ਬਾਕਸ ਖੁੱਲ੍ਹੇਗਾ। ਹੁਣ ਇਸ ਵਿੱਚ explorer ਟਾਈਪ ਕਰੋ।

ਜਾਂ

5. ਬਾਏ ਡਿਫ਼ਾਲਟ, ਟਾਸਕ ਬਾਰ ਵਿੱਚ ਵਿੰਡੋਜ਼ ਐਕਸਪਲੋਰਰ ਬਟਨ ਦੂਜੇ ਨੰਬਰ 'ਤੇ ਹੁੰਦਾ ਹੈ। ਇਸ ਲਈ ਵਿੰਡੋਜ਼ ਕੀਅ ਨਾਲ਼ 2 ਦਬਾਓ।

2.3 ਵਿੰਡੋਜ਼ ਐਕਸਪਲੋਰਰ ਦੇ ਭਾਗ (Parts of Windows Explorer):

ਵਿੰਡੋਜ਼ ਐਕਸਪਲੋਰਰ ਦੇ ਭਾਗਾਂ ਬਾਰੇ ਪੜ੍ਹਨ ਤੋ ਪਹਿਲਾਂ ਸਾਨੂੰ ਵਿੰਡੋਜ਼ ਐਕਸਪਲੋਰਰ ਦੇ ਢਾਂਚੇ ਬਾਰੇ ਪੜ੍ਹਨਾ ਚਾਹੀਦਾ ਹੈ। ਵਿੰਡੋਜ਼ ਐਕਸਪਲੋਰਰ ਵਿੱਚ ਸਾਨੂੰ ਤਿੰਨ ਮੁਢਲੇ ਢਾਂਚੇ ਦਿਖਾਈ ਦਿੰਦੇ ਹਨ। ਇਹ ਹਨ:- **ਫ਼ਾਈਲਾਂ, ਫ਼ੋਲਡਰ ਅਤੇ ਡ੍ਰਾਈਵ**। ਡਾਟੇ ਨੂੰ ਸਟੋਰ ਕਰਨ ਲਈ ਸਭ ਤੋਂ ਛੋਟੀ ਇੱਕਾਈ ਫ਼ਾਈਲ ਹੁੰਦੀ ਹੈ। ਇੱਕ ਸਾਂਝੇ ਵਿਸ਼ੇ ਨਾਲ਼ ਸੰਬੰਧਿਤ ਫ਼ਾਈਲਾਂ ਨੂੰ ਇੱਕ ਹੀ ਫ਼ੋਲਡਰ ਵਿੱਚ ਰੱਖਿਆ ਜਾਂਦਾ ਹੈ। ਇੱਕ ਫ਼ੋਲਡਰ ਵਿੱਚ ਕਈ ਫ਼ਾਈਲਾਂ ਸਟੋਰ ਕੀਤੀਆਂ ਜਾ ਸਕਦੀਆਂ ਹਨ। ਇਹ ਫ਼ਾਈਲਾਂ ਵੱਖਰੀ ਐਪਲੀਕੇਸ਼ਨਜ਼ ਦੀਆਂ ਵੀ ਹੋ ਸਕਦੀਆਂ ਹਨ।

ਅਸੀਂ ਜਾਣਦੇ ਹਾਂ ਕਿ ਅਸੀਂ ਆਪਣੇ ਡਾਟੇ ਨੂੰ ਭਵਿੱਖ ਦੀ ਵਰਤੋਂ ਲਈ ਸਟੋਰੇਜ ਯੰਤਰ ਜਿਵੇਂ ਕਿ ਹਾਰਡ ਡਿਸਕ, ਸੀ.ਡੀ., ਡੀ.ਵੀ.ਡੀ. ਵਿੱਚ ਸਟੋਰ ਕਰ ਸਕਦੇ ਹਾਂ। ਇੱਕ ਹਾਰਡ ਡਿਸਕ ਆਮ ਤੌਰ 'ਤੇ ਸਾਰੇ ਕੰਪਿਊਟਰਾਂ ਵਿੱਚ ਉਪਲਬਧ ਹੁੰਦੀ ਹੈ। ਹਾਰਡ ਡਿਸਕ ਦੇ ਭੰਡਾਰ ਖੇਤਰ ਨੂੰ ਅੱਗੇ ਛੋਟੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਇਹਨਾਂ ਛੋਟੇ ਭਾਗਾਂ ਨੂੰ ਡ੍ਰਾਈਵਜ਼ ਕਿਹਾ ਜਾਂਦਾ ਹੈ। ਅਸੀਂ ਇਹਨਾਂ ਡ੍ਰਾਈਵਜ਼ ਨੂੰ **C:\D:** ਆਦਿ ਨਾਮ ਦੇ ਸਕਦੇ ਹਾਂ।

ਅਸੀਂ ਵਿੰਡੋਜ਼ ਐਕਸਪਲੋਰਰ ਦੀ ਮਦਦ ਨਾਲ਼ ਇੱਕ ਫ਼ਾਈਲ, ਫ਼ੋਲਡਰ ਜਾਂ ਡ੍ਰਾਈਵ ਤੱਕ ਅਸਾਨੀ ਨਾਲ਼ ਪਹੁੰਚ ਕਰ ਸਕਦੇ ਹਾਂ। ਵਿੰਡੋਜ਼ ਐਕਸਪਲੋਰਰ ਨੂੰ ਦੋ ਪੇਨਾਂ ਵਿੱਚ ਵੰਡਿਆ ਜਾਂਦਾ ਹੈ।

1. **ਖੱਬਾ ਪੇਨ (Left Pane)**
2. **ਸੱਜਾ ਪੇਨ (Right Pane)**

ਵਿੰਡੋਜ਼ ਐਕਸਪਲੋਰਰ ਦੇ ਖੱਬੇ ਪੇਨ ਨੂੰ ਨੇਵੀਗੇਸ਼ਨ ਪੇਨ ਵੀ ਕਿਹਾ ਜਾਂਦਾ ਹੈ। ਅਸੀਂ ਖੱਬੇ ਪੇਨ ਵਿੱਚ ਡ੍ਰਾਈਵਜ਼, ਫ਼ਾਇਲਾਂ ਅਤੇ ਫ਼ੋਲਡਰ ਦੇਖ ਸਕਦੇ ਹਾਂ। ਖੱਬੇ ਪੇਨ ਵਿੱਚ ਖੁੱਲ੍ਹਿਆ ਹੋਇਆ ਕੋਈ ਵੀ ਆਬਜੈਕਟ ਸਿਲੈਕਟ ਕੀਤਾ ਜਾ ਸਕਦਾ ਹੈ। ਇਹ ਸਿਲੈਕਟ ਕੀਤਾ ਹੋਇਆ ਆਬਜੈਕਟ ਇੱਕ ਡ੍ਰਾਈਵ,ਫ਼ਾਈਲ ਜਾਂ ਇੱਕ ਫ਼ੋਲਡਰ ਹੋ ਸਕਦਾ ਹੈ। ਜਦੋਂ ਇੱਕ ਡਰਾਈਵ, ਫ਼ਾਈਲ ਜਾਂ ਫ਼ੋਲਡਰ ਨੂੰ ਸਿਲੈਕਟ ਕੀਤਾ ਜਾਂਦਾ ਹੈ ਤਾਂ ਉਸਦੀ ਡਿਟੇਲ ਵਿੰਡੋਜ਼ ਐਕਸਪਲੋਰਰ ਦੇ ਸੱਜੇ ਪੇਨ ਵਿੱਚ ਦੇਖੀ ਜਾ ਸਕਦੀ ਹੈ। ਹੇਠਾਂ ਤਸਵੀਰ ਵਿੱਚ ਸੱਜੇ ਪੇਨ ਵਿੱਚ ਮਾਈ ਕੰਪਿਊਟਰ ਦੀ ਡਿਟੇਲ ਦਿਖਾਈ ਦਿੰਦੀ ਹੈ।



Left Pane　　　　　　Right Pane

ਚਿੱਤਰ 2.1 ਸੱਜਾ ਪੇਨ ਅਤੇ ਖੱਬਾ ਪੇਨ

ਵਿੰਡੋਜ਼ ਐਕਸਪਲੋਰਰ ਦੇ ਭਾਗ ਹੇਠਾਂ ਲਿਖੇ ਅਨੁਸਾਰ ਹਨ:

1. ਟਾਈਟਲ ਬਾਰ: (Title Bar)

2. ਬੈਕ ਅਤੇ ਫ਼ਾਰਵਰਡ ਬਟਨ : (Back and Forward Buttons)

3. ਐਡਰੈੱਸ ਬਾਰ : (Address Bar)

4. ਸਰਚ ਬਾਕਸ : (Search Box)

5. ਮੀਨੂੰ ਬਾਰ : (Menu Bar)



6. ਟੂਲ ਬਾਰ: (Tool Bar)



7. ਸਟੇਟਸ ਬਾਰ: (Status Bar)

2.3.1 ਲੋਕੇਸ਼ਨ ਦੀ ਲੜੀ (Hierarchy of Location):

ਤੁਹਾਡੇ ਕੰਪਿਊਟਰ ਵਿੱਚ ਮੌਜੂਦ ਫ਼ੋਲਡਰ ਅਤੇ ਡ੍ਰਾਈਵ, ਨੈਟਵਰਕ ਨਾਲ਼ ਜੁੜਿਆ ਕੰਪਿਊਟਰ ਅਤੇ ਉਸ ਦੇ ਸ਼ੇਅਰ ਕੀਤੇ ਫ਼ੋਲਡਰ, ਡ੍ਰਾਈਵਜ਼ ਅਤੇ ਪ੍ਰਿੰਟਰਜ਼ ਇੱਕ ਟ੍ਰੀ ਦੀ ਸ਼ਕਲ ਵਿੱਚ ਲੜੀਬੱਧ ਦਿਖਾਈ ਦਿੰਦੇ ਹਨ। ਇਸ ਲੜੀਬੱਧ ਕ੍ਰਮ ਨੂੰ ਲੋਕੇਸ਼ਨ ਦੀ ਲੜੀ ਕਿਹਾ ਜਾਂਦਾ ਹੈ। ਇਸ ਵਿੱਚ ਹੇਠਾਂ ਲਿਖੇ ਅਨੁਸਾਰ ਆਈਟਮਾਂ ਹੁੰਦੀਆਂ ਹਨ: ਦੇਖੋ ਚਿੱਤਰ 2.2

Fig 2.2 Hierarchy of Locations

1. **ਫੇਵਰਿਟਸ:** ਇਸ ਲੜੀ ਵਿੱਚ ਸਭ ਤੋਂ ਉਪਰਲਾ ਪੱਧਰ ਡੈਸਕਟਾਪ ਫ਼ੋਲਡਰ ਹੁੰਦਾ ਹੈ ਇਸ ਵਿੱਚ ਡੈਸਕਟਾਪ, ਡਾਊਨਲੋਡਜ਼ ਅਤੇ ਰੀਸੈਂਟ ਪਲੇਸ ਆਈਟਮਾਂ ਹੁੰਦੀਆਂ ਹਨ। ਦੇਖੋ ਚਿੱਤਰ 2.3

Fig 2.3 Favorites

2. **ਲਾਇਬ੍ਰੇਰੀ ਫ਼ੋਲਡਰ** : ਬਾਈ ਡਿਫ਼ਾਲਟ ਇਸ ਫ਼ੋਲਡਰ ਵਿੱਚ ਚਾਰ ਲਾਇਬ੍ਰੇਰੀਆਂ ਹੁੰਦੀਆਂ ਹਨ, ਜਿਵੇਂ ਕਿ; ਡਾਕੂਮੈਂਟਸ, ਸੰਗੀਤ, ਤਸਵੀਰਾਂ ਅਤੇ ਵੀਡੀਓ। ਇਹਨਾਂ ਫ਼ੋਲਡਰਾਂ ਵਿੱਚ ਸੰਬੰਧਿਤ ਆਈਟਮਜ਼ ਹੁੰਦੀਆਂ ਹਨ, ਜਿਵੇਂ ;ਕਿ ਪਿਕਚਰਜ਼ ਵਿੱਚ ਤਸਵੀਰਾਂ, ਵੀਡੀਓ ਵਿੱਚ ਸੰਬੰਧਿਤ ਵੀਡੀਓ ਆਦਿ। ਦੇਖੋ ਚਿੱਤਰ 2.4

Fig 2.4 Libraries

3. **ਪਰਸਨਲ ਫ਼ੋਲਡਰ** : ਤੁਸੀਂ ਜਿਸ ਯੂਜ਼ਰ ਨੇਮ ਵਿੱਚ ਕੰਪਿਊਟਰ ਨੂੰ ਲਾਗ ਇਨ ਕੀਤਾ ਹੋਇਆ ਹੈ ਉਸ ਦੇ ਨਾਂ 'ਤੇ ਹੀ ਤੁਹਾਡੇ ਪਰਸਨਲ ਫ਼ੋਲਡਰ ਦਾ ਨਾਂ ਹੁੰਦਾ ਹੈ ਅਤੇ ਬਾਈ ਡਿਫ਼ਾਲਟ ਇਸ ਵਿੱਚ ਹੇਠਾਂ ਲਿਖੇ ਅਨੁਸਾਰ ਫ਼ੋਲਡਰ ਹੁੰਦੇ ਹਨ, ਜਿਵੇਂ ਕਿ ਕੰਟੈਕਟਸ, ਡਾਊਨਲੋਡਜ਼, ਫ਼ੇਵਰੇਟਸ, ਲਿੰਕਸ, ਮਾਈ ਡਾਕੂਮੈਂਟਸ, ਮਾਈ ਮਿਊਜ਼ਿਕ, ਮਾਈ ਪਿਕਚਰਜ਼, ਮਾਈ ਵੀਡੀਓਜ਼, ਸੇਵਡ ਗੇਮਜ਼ ਅਤੇ ਸਰਚ। ਦੇਖੋ ਚਿੱਤਰ 2.5



Fig 2.5 Personal Folder

4. **ਕੰਪਿਊਟਰ**: ਇਸ ਵਿੱਚ ਕੰਪਿਊਟਰ ਵਿੱਚ ਲੱਗੀਆਂ ਡਿਸਕਾਂ ਜਿਵੇਂ ਕਿ D:\E:\ ਡ੍ਰਾਈਵ ਆਦਿ ਅਤੇ ਜੇਕਰ ਕੰਪਿਊਟਰ ਨਾਲ਼ ਹੋਰ ਯੰਤਰ, ਜਿਵੇਂ ਕਿ ਯੂ.ਐੱਸ.ਬੀ., ਮੈਮਰੀ-ਸਟਿਕ ਅਤੇ ਕੈਮਰਾ ਆਦਿ ਲੱਗੇ ਹੋਏ ਹਨ, ਤਾਂ ਉਹ ਵੀ ਨਜ਼ਰ ਆਉਂਦੇ ਹਨ। ਦੇਖੋ ਚਿੱਤਰ 2.6



Fig 2.6 Computer

5. **ਨੈਟਵਰਕ**: ਜੇਕਰ ਤੁਸੀਂ ਲੋਕਲ ਨੈਟਵਰਕ ਨਾਲ਼ ਜੁੜੇ ਹੋਏ ਹੋ ਤਾਂ ਇਸ ਵਿੱਚ ਤੁਹਾਨੂੰ ਹੋਰ ਕੰਪਿਊਟਰਜ਼ ਅਤੇ ਯੰਤਰ ਦਿਖਾਈ ਦਿੰਦੇ ਹਨ।

6. **ਕੰਟਰੋਲ ਪੈਨਲ:** ਇਹ ਕੰਪਿਊਟਰ ਸਿਸਟਮ ਦੇ ਹਾਰਡਵੇਅਰ ਅਤੇ ਸਾਫ਼ਟਵੇਅਰ ਨੂੰ ਕਾਨਫ਼ਿਗਰ ਕਰਨ ਲਈ ਅਤੇ ਸੈਟਿੰਗਜ਼ ਆਦਿ ਨੂੰ ਬਦਲਣ ਲਈ ਵਰਤਿਆ ਜਾਂਦਾ ਹੈ। ਦੇਖੋ ਚਿੱਤਰ 2.7

Fig 2.7 Control Panel

7. **ਰੀਸਾਈਕਲ ਬਿਨ**: ਇਸ ਵਿੱਚ ਡਿਲੀਟ ਕੀਤੀਆਂ ਹੋਈਆਂ ਫ਼ਾਈਲਾਂ/ਫ਼ੋਲਡਰ ਜਾਂ ਪ੍ਰੋਗਰਾਮ ਹੁੰਦੇ ਹਨ।

2.4 ਵਿੰਡੋ ਐਕਸਪਲੋਰਰ ਦੇ ਵਿਊ: (Windows Explorer Views):

ਹਰ ਇੱਕ ਲੋਕੇਸ਼ਨ ਦੀ ਇੱਕ ਵਿਊ ਸੈਟਿੰਗ ਹੁੰਦੀ ਹੈ, ਇਹ ਸਕਰੀਨ 'ਤੇ ਆਈਟਮ ਦੀ ਲੇਅ-ਆਊਟ ਨਿਰਧਾਰਿਤ ਕਰਦੀ ਹੈ ਅਤੇ ਦਿਖਾਈਆਂ ਗਈਆਂ ਆਈਟਮਾਂ ਸੰਬੰਧੀ ਸੂਚਨਾ ਪ੍ਰਦਾਨ ਕਰਦੀ ਹੈ।

2.4.1 ਸਮਾਲ, ਮੀਡੀਅਮ, ਲਾਰਜ ਅਤੇ ਐਕਸਟਰਾ ਲਾਰਜ ਆਈਕਨਜ਼ ਵਿਊ:

(Small, Medium, Large and Extra Large Icons View)

ਇਸ ਵਿਊ ਵਿੱਚ ਆਈਟਮਾਂ ਇੱਕ ਤੋਂ ਜ਼ਿਆਦਾ ਕਤਾਰ ਵਿੱਚ ਹੁੰਦੀਆਂ ਹਨ ਅਤੇ ਹਰ ਇੱਕ ਆਈਟਮ ਇੱਕ ਆਈਕਨ ਦੀ ਸ਼ੇਪ ਵਿੱਚ ਨਜ਼ਰ ਆਉਂਦੀ ਹੈ। ਹਰ ਆਈਟਮ ਦਾ ਇੱਕ ਨਾਮ ਹੁੰਦਾ ਹੈ। ਦੇਖੋ ਚਿੱਤਰ 2.4.1

2.4.2 ਟਾਈਲਜ਼ ਆਈਕਨ ਵਿਊ(Tiles Icon View):

ਇਸ ਵਿਊ ਵਿੱਚ ਆਈਟਮਜ਼ ਇੱਕ ਤੋਂ ਜ਼ਿਆਦਾ ਕਤਾਰ ਵਿੱਚ ਹੁੰਦੀਆਂ ਹਨ ਅਤੇ ਹਰ ਇੱਕ ਆਈਟਮ ਇੱਕ ਆਈਕਨ ਦੀ ਸ਼ੇਪ ਵਿੱਚ ਨਜ਼ਰ ਆਉਂਦੀ ਹੈ। ਹਰ ਆਈਟਮ ਦਾ ਇੱਕ ਨਾਮ ਹੁੰਦਾ ਹੈ। ਇਸ ਵਿੱਚ ਹੋਰ ਸੂਚਨਾ, ਜਿਵੇਂ ਕਿ ਫ਼ਾਈਲ ਦੀ ਕਿਸਮ ਅਤੇ ਇਸ ਦੇ ਸਾਈਜ਼ ਦੀ ਸੂਚਨਾ ਹੁੰਦੀ ਹੈ। ਦੇਖੋ ਚਿੱਤਰ 2.4.2

2.4.3 ਲਿਸਟ ਆਈਕਨ ਵਿਊ(List Icon View):

ਇਸ ਵਿਊ ਵਿੱਚ ਆਈਟਮਜ਼ ਇੱਕ ਤੋਂ ਜ਼ਿਆਦਾ ਕਾਲਮ ਵਿੱਚ ਹੁੰਦੀਆਂ ਹਨ। ਹਰ ਆਈਟਮ ਦਾ ਇੱਕ ਨਾਮ ਹੁੰਦਾ ਹੈ ਅਤੇ ਆਈਕਨ ਨਾਮ ਦੇ ਖਬੇ ਪਾਸੇ ਹੁੰਦਾ ਹੈ। ਦੇਖੋ ਚਿੱਤਰ 2.4.3

2.4.4 ਡਿਟੇਲ ਆਈਕਨ ਵਿਉ (Detail Icon View):

ਹਰ ਇੱਕ ਆਈਟਮ ਇੱਕ ਟੇਬਲ ਦੀ ਕਤਾਰ ਦੇ ਰੂਪ ਵਿੱਚ ਨਜ਼ਰ ਆਉਂਦੀ ਹੈ। ਇਸ ਦੇ ਪਹਿਲੇ ਕਾਲਮ ਵਿੱਚ ਛੋਟੇ ਆਈਕਨ ਦੀ ਸ਼ਕਲ ਵਿੱਚ ਆਈਟਮ ਦਾ ਨਾਮ ਹੁੰਦਾ ਹੈ ਅਤੇ ਬਾਕੀ ਕਾਲਮ ਵਿੱਚ ਇਸ ਦੀ ਪ੍ਰਾਪਰਟੀਜ਼ ਜਿਵੇਂ ਕਿ ਇਸ ਦਾ ਆਕਾਰ ਅਤੇ ਸੋਧਣ ਦੀ ਮਿਤੀ ਅਤੇ ਕਿਸਮ ਦਰਜ ਹੁੰਦੀ ਹੈ। ਦੇਖੋ ਚਿੱਤਰ 2.4.4

2.4.5 ਕੰਟੈਂਟ ਆਈਕਨ ਵਿਉ (Content Icon View) :

ਇਸ ਵਿਉ ਵਿੱਚ ਆਈਟਮਜ਼ ਕਾਲਮ ਵਿੱਚ ਨਜ਼ਰ ਆਉਂਦੀਆਂ ਹਨ। ਹਰੇਕ ਆਈਟਮ ਇੱਕ ਆਈਕਨ ਦੀ ਸ਼ਕਲ ਵਿੱਚ ਹੁੰਦੀ ਹੈ। ਇਸ ਦਾ ਨਾਮ ਹੁੰਦਾ ਹੈ ਅਤੇ ਇਸ ਦੇ ਹੇਠਾਂ ਕਿਸਮ ਲਿਖੀ ਹੁੰਦੀ ਹੈ। ਕੁਝ ਹੋਰ ਪ੍ਰਾਪਰਟੀਜ਼ ਜਿਵੇਂ ਕਿ ਸੋਧਨ ਦੀ ਮਿਤੀ ਅਤੇ ਉਸ ਦੇ ਹੇਠਾਂ ਆਕਾਰ ਆਦਿ ਵੀ ਨਜ਼ਰ ਆਉਂਦੇ ਹਨ। ਬਾਈ ਡਿਫਾਲਟ ਇਸ ਵਿਉ ਦੀ ਵਰਤੋਂ ਸਰਚ ਕਰਨ ਲਈ ਕੀਤੀ ਜਾਂਦੀ ਹੈ। ਦੇਖੋ ਚਿੱਤਰ 2.4.5



ਚਿੱਤਰ 2.8 ਵਿੰਡੋ ਐਕਸਪਲੋਰਰ ਦੇ ਵਿਉ

2.5. ਫ਼ਾਈਲ ਅਤੇ ਫ਼ੋਲਡਰ ਨਾਲ ਕੰਮ ਕਰਨਾ (Working with Files and Folders):

2.5.1 ਆਈਟਮਜ਼ ਨੂੰ ਸਿਲੈਕਟ ਕਰਨਾ (Selecting Item):

ਸਾਨੂੰ ਆਮ ਤੌਰ 'ਤੇ ਇੱਕ ਜਾਂ ਇੱਕ ਤੋਂ ਜ਼ਿਆਦਾ ਆਈਟਮਾਂ ਨੂੰ ਕਾਪੀ ਅਤੇ ਡਿਲੀਟ ਕਰਨ ਲਈ ਇਸ ਨੂੰ ਸਿਲੈਕਟ ਕਰਨਾ ਪੈਂਦਾ ਹੈ। ਆਓ ਆਈਟਮਾਂ ਨੂੰ ਸਿਲੈਕਟ ਕਰਨਾ ਸਿੱਖੀਏ:

2.5.1.1 ਸਿੰਗਲ ਆਈਟਮ ਨੂੰ ਸਿਲੈਕਟ ਕਰਨਾ(Selecting a Single Item):

ਜੇਕਰ ਇੱਕ ਤੋਂ ਜ਼ਿਆਦਾ ਆਈਟਮਜ਼ ਉਪਲਬਧ ਹੋਣ ਅਤੇ ਉਹਨਾਂ ਵਿੱਚ ਤੁਸੀਂ ਕਿਸੇ ਇੱਕ ਆਈਟਮ ਨੂੰ ਸਿਲੈਕਟ ਕਰਨਾ ਚਾਹੁੰਦੇ ਹੋ ਤਾਂ ਇਸ ਨੂੰ ਮਾਊਸ ਦੀ ਮਦਦ ਨਾਲ ਕਲਿੱਕ ਕਰਕੇ ਸਿਲੈਕਟ ਕੀਤਾ ਜਾ ਸਕਦਾ ਹੈ।

2.5.1.2 ਸਿਲੈਕਟਿੰਗ ਆਲ ਆਈਟਮਜ਼–(Selecting all Item):

ਜੇਕਰ ਤੁਸੀਂ ਸਾਰੀਆਂ ਆਈਟਮਜ਼ ਨੂੰ ਸਿਲੈਕਟ ਕਰਨਾ ਚਾਹੁੰਦੇ ਹੋ ਤਾਂ ਕੀਅ- ਬੋਰਡ ਤੋਂ Ctrl+A ਕੀਜ਼ ਇਕੱਠੀਆਂ ਦਬਾਓ ਜਾਂ ਮੀਨੂੰ ਬਾਰ 'ਤੇ ਐਡਿਟ ਮੀਨੂੰ ਵਿੱਚੋਂ Select all ਆਪਸ਼ਨ ਨੂੰ ਕਲਿੱਕ ਕਰੋ।

2.5.1.3 ਸ਼ਿਫ਼ਟ ਕੀਅ ਦੀ ਮਦਦ ਨਾਲ ਆਈਟਮ ਨੂੰ ਸਿਲੈਕਟ ਕਰਨਾ (Selecting an item using Shift key):

1. ਪਹਿਲੀ ਆਈਟਮ ਨੂੰ ਸਿਲੈਕਟ ਕਰੋ।
2. ਸ਼ਿਫਟ ਕੀਅ ਨੂੰ ਦਬਾ ਕੇ ਰੱਖੋ।
3. ਬਾਕੀ ਆਈਟਮਜ਼ ਨੂੰ ਸਿਲੈਕਟ ਕਰਨ ਲਈ ਅਪ ਐਰੋ ਜਾਂ ਡਾਊਨ ਐਰੋ ਜਾਂ ਹੋਮ ਜਾਂ ਐਂਡ- ਕੀ ਦਬਾਓ।
4. ਸ਼ਿਫ਼ਟ- ਕੀਅ ਨੂੰ ਛੱਡ ਦਵੋ।

2.5.1.4 ਕੰਟਰੋਲ- ਕੀਅ ਦੀ ਮਦਦ ਨਾਲ ਆਈਟਮ ਨੂੰ ਸਿਲੈਕਟ ਕਰਨਾ (Selecting an item using Ctrl key):

1. ਪਹਿਲੀ ਆਈਟਮ ਨੂੰ ਸਿਲੈਕਟ ਕਰੋ।
2. ਕੰਟਰੋਲ- ਕੀਅ ਨੂੰ ਦਬਾ ਕੇ ਰੱਖੋ।
3. ਲਿਸਟ ਨੂੰ ਉਪਰ ਜਾਂ ਹੇਠਾਂ ਮੂਵ ਕਰਨ ਲਈ ਅਪ ਐਰੋ ਜਾਂ ਡਾਊਨ ਐਰੋ ਜਾਂ ਹੋਮ ਜਾਂ ਐਂਡ- ਕੀਅ ਦਬਾਓ। ਕਿਸੇ ਆਈਟਮ ਨੂੰ ਸਿਲੈਕਟ ਤੋਂ ਡੀ-ਸਿਲੈਕਟ ਜਾਂ ਡੀ-ਸਿਲੈਕਟ ਤੋਂ ਸਿਲੈਕਟ ਕਰਨ ਲਈ ਸਪੇਸ-ਬਾਰ ਦਬਾਓ।
4. ਕੰਟਰੋਲ- ਕੀਅ ਨੂੰ ਛੱਡ ਦਿਓ।

2.5.1.5 ਸਿਲੈਕਸ਼ਨ ਨੂੰ ਉਲਟਾਉਣਾ (Inverting Selection):

ਜੇਕਰ ਤੁਸੀਂ ਸਿਲੈਕਟ ਕੀਤੀ ਹੋਈ ਆਈਟਮ ਨੂੰ ਉਲਟਾਉਣਾ ਚਾਹੁੰਦੇ ਹੋ ਤਾਂ ਮੀਨੂੰ ਬਾਰ ਵਿੱਚ ਐਡਿਟ ਮੀਨੂੰ ਵਿੱਚ ਇਨਵਰਟ ਸਿਲੈਕਸ਼ਨ ਆਪਸ਼ਨ ਦੀ ਚੋਣ ਕਰੋ। ਅਜਿਹਾ ਕਰਨ ਨਾਲ ਜਿਹੜੀਆਂ ਆਈਟਮਜ਼ ਸਿਲੈਕਟ ਹਨ, ਉਹ ਡਿ-ਸਿਲੈਕਟ ਹੋ ਜਾਣਗੀਆਂ ਅਤੇ ਜਿਹੜੀਆਂ ਸਿਲੈਕਟ ਨਹੀਂ ਸਨ ਉਹ ਸਿਲੈਕਟ ਹੋ ਜਾਣਗੀਆਂ।

2.5.2 ਫ਼ੋਲਡਰ ਨੂੰ ਬਣਾਉਣਾ (Creating a Folder):

ਜੇਕਰ ਤੁਸੀਂ ਇੱਕ ਨਵਾਂ ਫ਼ੋਲਡਰ ਬਣਾਉਣਾ ਚਾਹੁੰਦੇ ਹੋ ਤਾਂ ਇਹ ਮਜੂਦਾ(current) ਲੋਕੇਸ਼ਨ ਵਿੱਚ ਹੀ ਬਣਦਾ ਹੈ। ਆਓ ਸਿੱਖੀਏ ਕਿ ਇੱਕ ਨਵਾਂ ਫ਼ੋਲਡਰ ਕਿਵੇਂ ਬਣਦਾ ਹੈ:-

1. ਫਾਈਲ ਮੀਨੂੰ ਖੋਲ੍ਹੋ, ਉਸ ਵਿੱਚ ਸਬ ਮੀਨੂੰ ਸਾਈਜ਼ ਨਵਾਂ ਫ਼ੋਲਡਰ ਆਪਸ਼ਨ 'ਤੇ ਕਲਿੱਕ ਕਰੋ

   ਜਾਂ

   ਕੀਅ-ਬੋਰਡ ਤੋਂ Ctrl + Shift + N ਕੀਜ਼ ਇੱਕਠੀਆਂ ਦਬਾਓ।

   ਜਾਂ

   ਖਾਲੀ ਜਗ੍ਹਾ 'ਤੇ ਮਾਉਸ ਦਾ ਰਾਈਟ ਬਟਨ ਦਬਾਓ, ਕੰਟੈਕੱਸਟ ਮੀਨੂੰ ਵਿੱਚ New=>Folder ਉੱਤੇ ਕਲਿੱਕ ਕਰੋ।
2. ਫ਼ੋਲਡਰ ਦਾ ਨਾਮ ਟਾਈਪ ਕਰੋ ਅਤੇ ਐਂਟਰ-ਕੀਅ ਦਬਾਓ।

2.5.2.1 ਆਈਟਮ ਨੂੰ ਰੀ-ਨੇਮ ਕਰਨਾ(Renaming an Item):

ਕਿਸੇ ਆਈਟਮ ਨੂੰ ਰੀ-ਨੇਮ ਕਰਨ ਲਈ ਹੇਠਾਂ ਲਿਖੇ ਪੜਾਅ ਹਨ:-

1. ਆਈਟਮ ਨੂੰ ਸਿਲੈਕਟ ਕਰੋ।
2. ਮੀਨੂੰ ਬਾਰ ਵਿੱਚ ਐਡਿਟ ਮੀਨੂੰ ਵਿੱਚ ਰੀ-ਨੇਮ ਆਪਸ਼ਨ ਦੀ ਚੋਣ ਕਰੋ ਜਾਂ ਕੀਅ-ਬੋਰਡ ਤੋਂ **F2** ਕੀਅ ਦਬਾਓ।
3. ਪਹਿਲਾਂ ਤੋਂ ਟਾਈਪ ਕੀਤਾ ਆਈਟਮ ਦਾ ਨਾਮ ਐਡਿਟ ਬਾਕਸ ਵਿੱਚ ਟੈਂਪਰੇਰੀ ਤੌਰ 'ਤੇ ਨਜ਼ਰ ਆਉਂਦਾ ਹੈ। ਜੇਕਰ ਆਈਟਮ ਇੱਕ ਫ਼ੋਲਡਰ ਜਾਂ ਲਾਇਬ੍ਰੇਰੀ ਹੈ ਤਾਂ ਪੂਰਾ ਨਾਮ ਸਿਲੈਕਟ ਹੋਵੇਗਾ ਤਾਂ ਜੋ ਤੁਸੀਂ ਪੁਰਾਣਾ ਨਾਮ ਬਦਲ ਕੇ ਨਵਾਂ ਨਾਮ ਟਾਈਪ ਕਰ ਸਕੋ। ਜੇਕਰ ਆਈਟਮ ਇੱਕ ਫ਼ਾਈਲ ਹੈ ਤਾਂ ਇਸ ਦੇ ਪੂਰੇ ਨਾਮ ਵਿਚੋਂ ਇਸ ਦੀ ਐਕਸਟੈਂਸ਼ਨ (.doc ਜਾਂ .pdf) ਛੱਡ ਕੇ ਬਾਕੀ ਨਾਮ ਸਿਲੈਕਟ ਹੋਵੇਗਾ। ਇਸ ਲਈ ਜੇਕਰ ਤੁਸੀਂ ਨਵਾਂ ਨਾਮ ਟਾਈਪ ਕਰੋਗੇ ਤਾਂ ਐਕਸਟੈਂਸ਼ਨ ਟਾਈਪ ਨਹੀਂ ਕਰਨੀ ਚਾਹੀਦੀ ਕਿਉਂਕਿ ਅਸਲੀ ਐਕਸਟੈਂਸ਼ਨ ਨਾਮ ਓਵਰ ਰਾਈਟ ਨਹੀਂ ਹੁੰਦਾ ਹੈ।
4. ਐਂਟਰ ਕੀਅ ਦਬਾਓ ਜਾਂ ਰੀਨੇਮ ਨੂੰ ਕੈਂਸਲ ਕਰਨ ਲਈ Esc ਕੀਅ ਦਬਾਓ।

2.5.2.2 ਆਈਟਮ ਨੂੰ ਡਿਲੀਟ ਕਰਨਾ (Deleting an Item):

ਡਿਲੀਟ ਆਪਸ਼ਨ ਦੀ ਵਰਤੋਂ ਕਿਸੇ ਫ਼ਾਈਲ ਜਾਂ ਫ਼ੋਲਡਰ ਨੂੰ ਡਿਲੀਟ ਕਰਨ ਲਈ ਕੀਤੀ ਜਾਂਦੀ ਹੈ। ਡਿਲੀਟ ਹੋਏ ਫ਼ਾਈਲ ਜਾਂ ਫ਼ੋਲਡਰ ਡਿਲੀਟ ਹੋ ਕੇ ਰੀਸਾਈਕਲ ਬਿੰਨ ਵਿੱਚ ਚਲੇ ਜਾਂਦੇ ਹਨ। ਕਿਸੇ ਫ਼ਾਈਲ ਜਾਂ ਫ਼ੋਲਡਰ ਨੂੰ ਡਿਲੀਟ ਕਰਨ ਲਈ ਪੜਾਅ ਹੇਠਾਂ ਲਿਖੇ ਅਨੁਸਾਰ ਹਨ:-

1. ਜਿਸ ਫ਼ਾਈਲ ਜਾਂ ਫ਼ੋਲਡਰ ਨੂੰ ਡਿਲੀਟ ਕਰਨਾ ਹੈ, ਉਸ ਨੂੰ ਸਿਲੈਕਟ ਕਰੋ।
2. ਕੀਅ-ਬੋਰਡ ਤੋਂ ਡਿਲੀਟ- ਕੀਅ ਦਬਾਓ। ਇੱਕ ਸੰਦੇਸ ਨਜ਼ਰ ਆਵੇਗਾ ਜੋਕਿ ਡਿਲੀਟ ਕਰਨ ਬਾਰੇ ਪੁੱਛੇਗਾ।
3. "Yes" ਉੱਤੇ ਕਲਿੱਕ ਕਰੋ। ਆਈਟਮ ਡਿਲੀਟ ਹੋ ਜਾਵੇਗੀ।

2.5.3. ਕਾਪੀ ਜਾਂ ਪੇਸਟ ਰਾਹੀਂ ਆਈਟਮਜ਼ ਨੂੰ ਕਾਪੀ ਕਰਨਾ (Copying an Item using Copy and Paste):

1. ਜਿਸ ਆਈਟਮ ਨੂੰ ਕਾਪੀ ਕਰਨਾ ਹੈ ਉਸ ਨੂੰ ਸਿਲੈਕਟ ਕਰੋ।
2. ਮੀਨੂੰ ਬਾਰ ਵਿੱਚ ਐਡਿਟ ਮੀਨੂੰ ਵਿੱਚ ਕਾਪੀ ਆਪਸ਼ਨ ਦੀ ਚੋਣ ਕਰੋ ਜਾਂ ਕੀਅ-ਬੋਰਡ ਤੋਂ Ctrl+C ਦਬਾਓ।
3. ਆਈਟਮ ਨੂੰ ਪੇਸਟ ਕਰਨ ਲਈ ਨਿਰਧਾਰਿਤ ਥਾਂ ਦੀ ਚੋਣ ਕਰੋ।
4. ਮੀਨੂੰ ਬਾਰ ਵਿੱਚ ਐਡਿਟ ਮੀਨੂੰ ਵਿੱਚ ਪੇਸਟ ਆਪਸ਼ਨ ਦੀ ਚੋਣ ਕਰੋ ਜਾਂ ਕੀਅ-ਬੋਰਡ ਤੋਂ Ctrl+V ਕੀਅ ਦਬਾਓ। ਹੁਣ ਤੁਹਾਡੀ ਕਾਪੀ ਕੀਤੀ ਹੋਈ ਆਈਟਮ ਪੇਸਟ ਹੋ ਜਾਵੇਗੀ।

2.5.4 ਕੱਟ ਅਤੇ ਪੇਸਟ ਰਾਹੀਂ ਆਈਟਮਜ਼ ਨੂੰ ਮੂਵ ਕਰਨਾ (Moving Items using Cut and Paste):

ਅਸੀਂ ਆਈਟਮਜ਼ ਨੂੰ ਇੱਕ ਥਾਂ ਤੋਂ ਦੂਜੀ ਥਾਂ 'ਤੇ ਆਸਾਨੀ ਨਾਲ਼ ਮੂਵ ਕਰ ਸਕਦੇ ਹਾਂ। ਇਹ ਕਿਰਿਆ ਕਾਪੀ ਅਤੇ ਪੇਸਟ ਦੀ ਤਰ੍ਹਾਂ ਹੀ ਹੁੰਦੀ ਹੈ ਪਰ ਇਸ ਵਿੱਚ ਦੂਜੇ ਪੜਾਅ ਵਿੱਚ ਕਾਪੀ ਦੀ ਥਾਂ ਕੱਟ ਆਪਸ਼ਨ ਦੀ ਵਰਤੋਂ ਕੀਤੀ ਜਾਂਦੀ ਹੈ। ਕਾਪੀ/ਪੇਸਟ ਅਤੇ ਕੱਟ/ਪੇਸਟ ਵਿੱਚ ਇਹ ਅਹਿਮ ਫ਼ਰਕ ਹੈ ਕਿ ਜਦੋਂ ਅਸੀਂ ਕਿਸੇ ਆਈਟਮ ਨੂੰ ਕਾਪੀ ਰਾਹੀਂ ਪੇਸਟ ਕਰਦੇ ਹਾਂ ਤਾਂ ਉਸ ਨਿਰਧਾਰਤ ਆਈਟਮ ਦੀ ਇੱਕ ਡੁਪਲੀਕੇਟ ਆਈਟਮ ਨਵੀਂ ਥਾਂ ਉੱਤੇ ਬਣ ਜਾਂਦੀ ਹੈ ਜੋ ਕਿ ਆਪਣੀ ਅਸਲੀ ਥਾਂ ਤੋਂ ਮੂਵ ਨਹੀਂ ਹੁੰਦੀ। ਇਸ ਦੇ ਉਲਟ ਕੱਟ ਜਾਂ ਪੇਸਟ ਰਾਹੀਂ ਮੂਵ ਕੀਤੀ ਆਈਟਮ ਆਪਣੀ ਅਸਲੀ ਥਾਂ ਤੋਂ ਮੂਵ ਹੋ ਕੇ ਨਵੀਂ ਥਾਂ ਉੱਤੇ ਚਲੀ ਜਾਂਦੀ ਹੈ। ਆਓ ਕੱਟ ਜਾਂ ਪੇਸਟ ਰਾਹੀਂ ਆਈਟਮ ਨੂੰ ਮੂਵ ਕਰਨਾ ਸਿੱਖੀਏ:-

1. ਜਿਸ ਆਈਟਮ ਨੂੰ ਕੱਟ ਕਰਨਾ ਹੈ ਉਸ ਨੂੰ ਸਿਲੈਕਟ ਕਰੋ।
2. ਮੀਨੂੰ ਬਾਰ ਵਿੱਚ ਐਡਿਟ ਮੀਨੂੰ ਵਿੱਚ ਕੱਟ ਆਪਸ਼ਨ ਦੀ ਚੋਣ ਕਰੋ ਜਾਂ ਕੀਅ-ਬੋਰਡ ਤੋਂ **Ctrl+X** ਕੀਅ ਦਬਾਓ।
3. ਆਈਟਮ ਨੂੰ ਸੇਵ ਕਰਨ ਲਈ ਨਿਰਧਾਰਿਤ ਥਾਂ ਦੀ ਚੋਣ ਕਰੋ।
4. ਮੀਨੂੰ ਬਾਰ ਵਿੱਚ ਐਡਿਟ ਮੀਨੂੰ ਵਿੱਚ ਪੇਸਟ ਆਪਸ਼ਨ ਦੀ ਚੋਣ ਕਰੋ ਜਾਂ ਕੀਅ-ਬੋਰਡ ਤੋਂ Ctrl+V ਕੀਅ ਦਬਾਓ। ਹੁਣ ਤੁਹਾਡੀ ਕੱਟ ਕੀਤੀ ਹੋਈ ਆਈਟਮ ਪੇਸਟ ਹੋ ਜਾਵੇਗੀ।

2.5.5 ਸੈਂਡ ਟੂ (Send To) ਆਪਸ਼ਨ ਦੀ ਮਦਦ ਨਾਲ਼ ਆਈਟਮਜ਼ ਨੂੰ ਕਾਪੀ ਕਰਨਾ

ਸੈਂਡ ਟੂ ਆਪਸ਼ਨ ਇੱਕ ਜਾਂ ਇੱਕ ਤੇ ਜ਼ਿਆਦਾ ਆਈਟਮਜ਼ ਜਾਂ ਪ੍ਰੋਗਰਾਮ ਨੂੰ ਕਾਪੀ ਕਰਕੇ ਨਵੀਂ ਥਾਂ ਉੱਤੇ ਭੇਜਣ ਲਈ ਇੱਕ ਸੋਖਾ ਤਰੀਕਾ ਹੈ। ਆਓ ਇਸ ਬਾਰੇ ਸਿੱਖੀਏ:

1. ਜਿਸ ਆਈਟਮ ਨੂੰ ਕਾਪੀ ਕਰਨਾ ਹੈ, ਉਸ ਦੀ ਚੋਣ ਕਰੋ।
2. ਮਾਊਸ ਦਾ ਸੱਜਾ ਬਟਨ ਦਬਾਓ, ਡਾਇਲਾਗ ਬਾਕਸ ਵਿੱਚ ਨਜ਼ਰ ਆ ਰਹੀ ਆਪਸ਼ਨ ਸੈਂਡ ਟੂ ਦੀ ਚੋਣ ਕਰੋ ਅਤੇ ਨਿਰਧਾਰਿਤ ਥਾਂ ਦੀ ਵੀ ਚੋਣ ਕਰੋ। ਬਾਏ ਡਿਫ਼ਾਲਟ, ਸੈਂਡ ਟੂ ਸਬ-ਮੀਨੂੰ ਵਿੱਚ ਹੇਠਾਂ ਲਿਖੇ ਅਨੁਸਾਰ ਨਿਰਧਾਰਿਤ ਥਾਂਵਾਂ ਹੁੰਦੀਆਂ ਹਨ:
    1. ਕੰਪਰੈੱਸਡ (ਜ਼ਿੱਪਡ) ਫ਼ੋਲਡਰ
    2. ਡੈੱਸਕਟਾਪ(ਕ੍ਰੀਏਟ ਸ਼ਾਰਟਕੱਟ)
    3. ਡਾਕੂਮੈਂਟਸ ਲਾਇਬ੍ਰੇਰੀ
    4. ਫ਼ੈਕਸ ਅਤੇ ਮੇਲ ਰਿਸੀਪਿਏਂਟਸ
    5. ਰਿਮੂਵੇਬਲ ਯੰਤਰ, ਜਿਵੇਂ ਕਿ: ਯੂ.ਐੱਸ.ਬੀ. ਮੈਮਰੀ- ਸਟਿੱਕਸ

2.6 ਸਰਚਿੰਗ (Searching)

ਕਈ ਵਾਰ ਕਿਸੇ ਆਈਟਮ ਨੂੰ ਅਸੀਂ ਸੇਵ ਕਰਕੇ ਉਸ ਦੀ ਲੋਕੇਸ਼ਨ ਨੂੰ ਭੁੱਲ ਜਾਂਦੇ ਹਾਂ ਅਤੇ ਭਵਿੱਖ ਵਿੱਚ ਜਦੋਂ ਸਾਨੂੰ ਉਸ ਆਈਟਮ ਦੀ ਜ਼ਰੂਰਤ ਪੈਂਦੀ ਹੈ ਤਾਂ ਸਾਨੂੰ ਉਹ ਨਹੀਂ ਮਿਲਦੀ, ਪਰ ਸਰਚਿੰਗ ਇੱਕ ਅਜਿਹਾ ਟੂਲ ਹੈ ਜਿਸ ਰਾਹੀਂ ਅਸੀਂ ਆਪਣੀ ਆਈਟਮ ਨੂੰ ਅਸਾਨੀ ਨਾਲ਼ ਲੱਭ ਸਕਦੇ ਹਾਂ। ਸਰਚਿੰਗ ਲਈ ਅਸੀਂ ਹੇਠਾਂ ਲਿਖੇ ਅਨੁਸਾਰ ਕਾਰਵਾਈ ਕਰਦੇ ਹਾਂ:-

ਚਿੱਤਰ: 2.9

1. ਵਿੰਡੋ ਐਕਸਪਲੋਰਰ ਵਿੱਚ ਕੀਅ-ਬੋਰਡ ਤੋਂ Ctrl+E ਕੀਅ- ਦਬਾਓ ਜਾਂ ਵਿੰਡੋਜ਼ ਵਿੱਚ ਨਜ਼ਰ ਆ ਰਹੇ ਸਰਚ- ਬਾਕਸ ਵਿੱਚ ਕਲਿੱਕ ਕਰੋ।
2. ਸਰਚ ਕਰਨ ਵਾਲ਼ੀ ਇੱਕ ਜਾਂ ਇੱਕ ਤੋਂ ਜ਼ਿਆਦਾ ਟਰਮ ਟਾਈਪ ਕਰੋ। ਜੇਕਰ ਤੁਸੀਂ ਇੱਕ ਤੋਂ ਜ਼ਿਆਦਾ ਸਰਚ-ਟਰਮ ਦੀ ਵਰਤੋਂ ਕਰਦੇ ਹੋ ਤਾਂ ਤੁਹਾਡੀ ਫ਼ਾਈਲ ਉਹਨਾਂ ਸਰਚ ਟਰਮਜ਼ ਨਾਲ਼ ਮੇਲ ਜ਼ਰੂਰ ਖਾਵੇਗੀ।
3. ਜਿਵੇਂ ਹੀ ਤੁਸੀਂ ਸਰਚ-ਟਰਮ ਟਾਈਪ ਕਰਦੇ ਹੋ ਤਾਂ ਨਤੀਜੇ ਆਈਟਮ ਵਿਊ ਵਿੱਚ ਆਪਣੇ-ਆਪ ਨਜ਼ਰ ਆ ਜਾਂਦੇ ਹਨ। ਅਜਿਹਾ ਕਰਨ ਲਈ ਸਾਨੂੰ ਐਂਟਰ ਕੀਅ- ਦਬਾਉਣ ਦੀ ਜ਼ਰੂਰਤ ਹੀ ਨਹੀਂ ਪੈਂਦੀ।

2.7 ਰਨ-ਕਮਾਂਡ ਦੀ ਵਰਤੋਂ (Using Run Command)

ਕਿਸੇ ਪ੍ਰੋਗਰਾਮ ਨੂੰ ਸਿਧੇ ਤੌਰ 'ਤੇ ਚਲਾਉਣ ਲਈ ਰਨ-ਕਮਾਂਡ ਦੀ ਵਰਤੋਂ ਕੀਤੀ ਜਾਂਦੀ ਹੈ।
ਸਟੈੱਪ :

1. ਸਟਾਰਟ ਬਟਨ ਉੱਤੇ ਕਲਿੱਕ ਕਰੋ।
2. ਰਨ- ਵਿਕਲਪ ਚੁਣੋ। ਰਨ- ਬਾਕਸ ਖੁੱਲ੍ਹੇਗਾ।



ਚਿੱਤਰ: 2.10

3. ਇਸ ਵਿੱਚ ਖੋਲ੍ਹੇ ਜਾਣ ਵਾਲ਼ੇ ਪ੍ਰੋਗਰਾਮ ਜਿਵੇਂ ਕਿ ਨੋਟਪੈਡ ਦਾ ਨਾਮ ਟਾਈਪ ਕਰੋ।
4. Ok ਬਟਨ 'ਤੇ ਕਲਿੱਕ ਕਰੋ।

2.8 ਕੈਲਕੁਲੇਟਰ ਦੀ ਵਰਤੋਂ (Using Calculator)

ਕੈਲਕੁਲੇਟਰ ਇੱਕ ਸਾਧਾਰਨ ਪ੍ਰੋਗਰਾਮ ਹੁੰਦਾ ਹੈ। ਇਹ ਆਮ ਕੈਲਕੁਲੇਟਰ ਦੀ ਤਰ੍ਹਾਂ ਹੁੰਦਾ ਹੈ। ਇਸ ਦੀ ਮਦਦ ਨਾਲ ਗਣਨਾਵਾਂ ਕਰਵਾਈਆਂ ਜਾਂਦੀਆਂ ਹਨ। ਰਨ-ਬਾਕਸ ਰਾਹੀਂ ਕੈਲਕੁਲੇਟਰ ਖੋਲ੍ਹਣ ਦੇ **ਸਟੈੱਪ** ਹੇਠ ਲਿਖੇ ਅਨੁਸਾਰ ਹਨ:

1. ਸਟਾਰਟ ਬਟਨ ਉੱਤੇ ਕਲਿੱਕ ਕਰੋ।
2. ਰਨ ਵਿਕਲਪ ਚੁਣੋ। ਰਨ-ਬਾਕਸ ਖੁੱਲ੍ਹੇਗਾ।



ਚਿੱਤਰ 2.11 ਰਨ-ਕਮਾਂਡ ਦੀ ਵਰਤੋਂ ਨਾਲ ਕੈਲਕੁਲੇਟਰ ਖੋਲ੍ਹਣਾ

3. ਇਸ ਵਿੱਚ "calc" ਟਾਈਪ ਕਰੋ।
4. Ok ਬਟਨ ਉੱਤੇ ਕਲਿੱਕ ਕਰੋ ਅਤੇ ਹੇਠਾਂ ਦਿੱਤਾ ਹੋਇਆ ਕੈਲਕੁਲੇਟਰ ਨਜ਼ਰ ਆਵੇਗਾ।

ਚਿੱਤਰ 2.12 ਕੈਲਕੁਲੇਟਰ

ਨੋਟ: ਜੇਕਰ ਤੁਸੀਂ ਕੈਲਕੁਲੇਟਰ ਉੱਤੇ 2 ਅਤੇ 3 ਦਾ ਜੋੜ ਕਰਨਾ ਚਾਹੁੰਦੇ ਹੋ ਤਾਂ ਪਹਿਲਾਂ 2 ਉੱਤੇ ਕਲਿੱਕ ਕਰੋ। ਜਮ੍ਹਾਂ (+) ਦੇ ਨਿਸ਼ਾਨ ਉੱਤੇ ਕਲਿੱਕ ਕਰੋ 'ਤੇ ਫਿਰ 3 ਉੱਤੇ ਕਲਿੱਕ ਕਰੋ। ਉੱਤਰ ਦੇਖਣ ਲਈ ਬਰਾਬਰ (=) ਦੇ ਨਿਸ਼ਾਨ ਉੱਤੇ ਕਲਿੱਕ ਕਰੋ।

2.9 ਕਸਟਮਾਈਜ਼ ਡੈੱਸਕਟਾਪ (Customizing Desktop):

ਵਿੰਡੋਜ਼ ਸਾਨੂੰ ਸਾਡੀ ਸਕਰੀਨ ਦੀ ਦਿੱਖ ਨੂੰ ਕਸਟਿਮਾਈਜ਼ (ਬਦਲਣ) ਦੀ ਸਹੂਲਤ ਦਿੰਦੀ ਹੈ। ਵਿੰਡੋਜ਼ 7 ਵਿੱਚ ਅਸੀਂ ਪਰਸਨਲਾਈਜ਼ੇਸ਼ਨ ਡਾਇਲਾਗ ਬਾਕਸ ਦੀ ਮਦਦ ਨਾਲ ਸਕਰੀਨ ਦੀ ਦਿੱਖ ਬਦਲ ਸਕਦੇ ਹਾਂ:-

ਜੇਕਰ ਸਾਡੇ ਕੰਪਿਊਟਰ ਵਿੱਚ ਇੱਕ ਤੋਂ ਜ਼ਿਆਦਾ ਯੂਜ਼ਰ ਹਨ ਤਾਂ ਸਾਡੇ ਵੱਲੋਂ ਡਿਸਪਲੇ-ਡਾਇਲਾਗ ਬਾਕਸ ਰਾਹੀਂ ਕੀਤੇ ਬਦਲਾਅ ਕੇਵਲ ਲਾਗ-ਇੰਨ ਹੋਏ ਯੂਜ਼ਰ ਵਿੱਚ ਹੀ ਹੋਣਗੇ। ਆਓ ਦੇਖੀਏ ਕਿ ਇਹ ਕਿਸ ਤਰ੍ਹਾਂ ਕੀਤਾ ਜਾਂਦਾ ਹੈ:-



ਚਿੱਤਰ : 2.13 ਕਸਟਮਾਈਜ਼ ਡੈੱਕਸਟਾਪ

ਸਟੈੱਪ : **1.** ਪਰਸਨਲਾਈਜ਼ ਮੀਨੂੰ ਖੋਲ੍ਹਣ ਲਈ ਡੈੱਸਕਟਾਪ ਦੇ ਖ਼ਾਲੀ ਭਾਗ ਵਿੱਚ ਮਾਊਸ ਰਾਹੀਂ ਰਾਈਟ ਕਲਿੱਕ ਕਰੋ।

2. ਪਰਸਨਲਾਈਜ਼ ਉੱਤੇ ਮਾਊਸ ਦੀ ਮਦਦ ਨਾਲ਼ ਲੈੱਫਟ ਕਲਿੱਕ ਕਰੋ।



ਚਿੱਤਰ 2.14 ਡੈੱਸਕਟਾਪ ਨੂੰ ਕਸਟਮਾਈਜ਼ ਕਰਨਾ

ਪਰਨਲਾਈਜ਼ ਡਾਇਲਾਗ ਬਾਕਸ ਕੁਝ ਥੀਮਜ਼ ਅਤੇ ਹੇਠਲੇ ਪਾਸੇ ਕੁਝ ਹੋਰ ਲਿੰਕ ਅਤੇ ਵਿਕਲਪ ਦਿਖਾਏਗਾ।

1. **ਥੀਮਜ਼**: ਇੱਕ ਥੀਮ ਸਾਡੇ ਕੰਪਿਊਟਰ ਵਿੱਚ ਤਸਵੀਰਾਂ, ਰੰਗਾਂ ਅਤੇ ਅਵਾਜ਼ ਆਦਿ ਦਾ ਸੁਮੇਲ ਹੁੰਦਾ ਹੈ। ਇਸ ਵਿੱਚ ਡੈੱਸਕਟਾਪ ਦੀ ਬੈਕ-ਗ੍ਰਾਂਊਡ, ਸਕਰੀਨ-ਸੇਵਰ, ਵਿੰਡੋਜ਼ ਦਾ ਬਾਰਡਰ ਕਲਰ ਅਤੇ ਸਾਊਂਡ-ਸਕੀਮ ਹੁੰਦੀ ਹੈ। ਕੁਝ ਥੀਮਜ਼ ਵਿੱਚ ਡੈੱਸਕਟਾਪ ਆਇਕਨਜ਼ ਅਤੇ ਮਾਊਸ-ਪੁਆਇੰਟਰ ਵੀ ਹੁੰਦਾ ਹੈ। ਥੀਮਜ਼ ਦੀ ਮਦਦ ਨਾਲ਼ ਅਸੀਂ ਆਪਣੇ ਡੈੱਸਕਟਾਪ ਦੀ ਦਿੱਖ ਨੂੰ ਵਧੀਆ ਬਣਾ ਸਕਦੇ ਹਾਂ। ਵਿੰਡੋਜ਼ ਥੀਮਜ਼ ਹੇਠਾਂ ਲਿਖੇ ਅਨੁਸਾਰ ਉਪਲੱਬਧ ਹੁੰਦੀਆਂ ਹਨ:

- ਮਾਈ ਥੀਮਜ਼ (My themes)
- ਐਰੋ ਥੀਮਜ਼ (Aero themes)
- ਬੇਸਿਕ ਅਤੇ ਹਾਈ ਕੰਟਰਾਸਟ ਥੀਮਜ਼ (Basic and High Contrast Themes)

2. **ਡੈੱਸਕਟਾਪ ਬੈਕ-ਗ੍ਰਾਊਂਡ**: ਡੈੱਸਕਟਾਪ ਬੈਕ-ਗ੍ਰਾਊਂਡ ਵਿੱਚ ਮੁੱਖ ਤੌਰ 'ਤੇ ਵਾਲ-ਪੇਪਰ ਹੁੰਦਾ ਹੈ। ਵਾਲ-ਪੇਪਰ ਇੱਕ ਬੈਕ-ਗ੍ਰਾਊਂਡ ਪੈਟਰਨ ਜਾਂ ਤਸਵੀਰ ਹੁੰਦੀ ਹੈ ਜਿਸ ਵਿੱਚ ਡੈੱਸਕਟਾਪ ਮੀਨੂਜ, ਆਇੱਕਨਜ਼ ਅਤੇ ਹੋਰ ਤੱਤ ਦਿਖਾਈ ਦਿੰਦੇ ਹਨ। ਇੱਕ ਵਾਲਪੇਪਰ ਵਿੱਚ ਤਸਵੀਰ ਹੁੰਦੀ ਹੈ JPEG ਜਾਂ GIF ਫ਼ਾਈਲ ਫ਼ਾਰਮੈਟ ਵਿੱਚ ਹੋ ਸਕਦੀ ਹੈ। ਵਾਲ-ਪੇਪਰ ਆਮ ਤੌਰ ਤੇ ਵਿੰਡੋਜ਼ ਵਿੱਚ ਵਰਤਿਆ ਜਾਂਦਾ ਹੈ। ਹਰ ਆਪਰੇਟਿੰਗ ਸਿਸਟਮ ਵਿੱਚ ਪਹਿਲਾਂ ਤੋਂ ਹੀ ਇਨਸਟਾਲ ਕੀਤੇ ਵਾਲ-ਪੇਪਰ ਹੁੰਦੇ ਹਨ ਅਤੇ ਯੂਜ਼ਰ ਰਾਹੀਂ ਆਪਣੀ ਪਸੰਦ ਅਨੁਸਾਰ ਵਰਤਿਆ ਜਾ ਸਕਦਾ ਹੈ।



ਚਿੱਤਰ 2.15 ਡੈੱਸਕਟਾਪ ਬੈਕ-ਗ੍ਰਾਊਂਡ

ਡੈੱਸਕਟਾਪ ਬੈਕ-ਗ੍ਰਾਊਂਡ ਬਦਲਣ ਲਈ ਤਸਵੀਰ 2.14 ਵਿੱਚ ਨਜ਼ਰ ਆ ਰਹੇ Desktop Background ਥੰਬਨੇਲ 'ਤੇ ਕਲਿੱਕ ਕਰੋ। ਤੁਹਾਡੇ ਸਾਹਮਣੇ ਤਸਵੀਰ 2.15 ਅਨੁਸਾਰ ਡੈੱਸਕਟਾਪ ਬੈਕ-ਗ੍ਰਾਊਂਡ ਨਜ਼ਰ ਆਵੇਗੀ। ਤਸਵੀਰ ਵਿੱਚ ਦਿਖਾਏ ਅਨੁਸਾਰ by default ਤੁਹਾਨੂੰ Windows Desktop Backgrounds ਨਜ਼ਰ ਆਵੇਗੀ। ਇਸ ਵਿੱਚ ਤੁਸੀਂ ਸੰਬੰਧਿਤ ਥੀਮਜ਼ ਦੀਆਂ ਡੈੱਸਕਟਾਪ ਬੈਕ-ਗ੍ਰਾਊਂਡਜ਼ ਦੇਖ ਸਕਦੇ ਹੋ ਜਿਵੇਂ ਕਿ: Architecture, Characters ਆਦਿ। ਇਹ ਧਿਆਨ ਦੇਣਯੋਗ ਹੈ ਕਿ ਤੁਸੀਂ ਜਿਹੜੀ ਥੀਮ ਸਿਲੈਕਟ ਕੀਤੀ ਹੋਈ ਹੈ ਕੇਵਲ ਉਸ ਦੀਆਂ ਬੈਕ-ਗ੍ਰਾਊਂਡ ਹੀ ਸਿਲੈਕਟ ਹੋਣਗੀਆਂ, ਜਿਵੇਂ ਕਿ ਚਿੱਤਰ 2.15 ਵਿੱਚ Landscapes ਥੀਮ

ਦੀਆਂ ਬੈਕ-ਗ੍ਰਾਉਂਡ ਨਜ਼ਰ ਆ ਰਹੀਆਂ ਹਨ। ਇਹ ਸਿਲੈਕਟ ਕੀਤੀਆਂ ਹੋਈਆਂ ਬੈਕ-ਗ੍ਰਾਉਂਡ ਸਾਡੇ ਵੱਲੋਂ ਚੁਣੇ ਗਏ ਸਮੇਂ ਅਨੁਸਾਰ ਆਪਣੇ-ਆਪ ਬਦਲਦੀਆਂ ਰਹਿੰਦੀਆਂ ਹਨ।

ਡੈੱਸਕਟਾਪ ਬੈਕ-ਗ੍ਰਾਉਂਡ ਬਦਲਣ ਦੇ ਪੜਾਅ:

1. ਤਸਵੀਰ 2.15 ਅਨੁਸਾਰ ਨਜ਼ਰ ਆ ਰਹੇ Pictures Locations ਵਿੱਚ ਮੌਜੂਦ ਕਿਸੇ ਇੱਕ ਵਿਕਲਪ ਦੀ ਚੋਣ ਕਰੋ ਜਿਵੇਂ ਕਿ ਤਸਵੀਰ ਵਿੱਚ Windows Desktop Backgrounds ਨਜ਼ਰ ਆ ਰਿਹਾ ਹੈ।
2. ਤੁਹਾਡੀ ਕਰੰਟ (current) ਥੀਮ ਅਨੁਸਾਰ By default ਸਾਰੀਆਂ ਬੈਕ-ਗ੍ਰਾਉਂਡ ਸਿਲੈਕਟ ਹੁੰਦੀਆਂ ਹਨ, ਕੇਵਲ ਇੱਕ ਬੈਕ-ਗ੍ਰਾਉਂਡ ਵਰਤਣ ਲਈ ਤਸਵੀਰ 2.15 ਅਨੁਸਾਰ ਨਜ਼ਰ ਆ ਰਹੇ Clear all ਬਟਨ 'ਤੇ ਕਲਿੱਕ ਕਰੋ।
3. ਆਪਣੀ ਪਸੰਦ ਦੀ ਬੈਕ-ਗ੍ਰਾਉਂਡ ਲਈ ਉਸ ਤਸਵੀਰ ਦੇ ਉੱਪਰਲੇ ਖੱਬੇ ਕਾਰਨਰ ਵਿੱਚ ਨਜ਼ਰ ਆ ਰਹੇ ਚੈੱਕ ਬਾਕਸ ਵਿੱਚ ਕਲਿੱਕ ਕਰੋ।
4. Picture position ਲਈ ਬਟਨ 'ਤੇ ਕਲਿੱਕ ਕਰੋ ਅਤੇ ਆਪਣੀ ਮਰਜ਼ੀ ਅਨੁਸਾਰ ਕਿਸੇ ਇੱਕ ਵਿਕਲਪ ਦੀ ਚੋਣ ਕਰੋ।
5. ਜੇਕਰ ਇੱਕ ਤੋਂ ਜ਼ਿਆਦਾ ਬੈਕ-ਗ੍ਰਾਉਂਡ ਸਿਲੈਕਟ ਹੈ ਤਾਂ ਇਸ ਨੂੰ ਆਟੋਮੈਟਿਕ ਬਦਲਣ ਲਈ Change picture every ਬਟਨ 'ਤੇ ਕਲਿੱਕ ਕਰੋ ਅਤੇ ਆਪਣੀ ਮਰਜ਼ੀ ਅਨੁਸਾਰ ਟਾਈਮ ਚੁਣੋ।
6. Save changes ਬਟਨ 'ਤੇ ਕਲਿੱਕ ਕਰੋ। ਡੈੱਸਕਟਾਪ ਬੈਕ-ਗ੍ਰਾਉਂਡ ਤੁਹਾਡੀ ਜ਼ਰੂਰਤ ਅਨੁਸਾਰ ਸੈੱਟ ਹੋ ਗਈ ਹੈ।

3. **ਸਕਰੀਨ-ਸੇਵਰ**:ਇੱਕ ਸਕਰੀਨ-ਸੇਵਰ ਸਾਫ਼ਟਵੇਅਰ ਪ੍ਰੋਗਰਾਮ ਹੁੰਦਾ ਹੈ ਜੋਕਿ ਕੰਪਿਊਟਰ ਦੇ ਕੁਝ ਖ਼ਾਸ ਸਮੇਂ ਦੌਰਾਨ ਨਾ ਵਰਤਣ ਦੀ ਹਾਲਤ ਵਿੱਚ ਆਪਣੇ-ਆਪ ਚੱਲ ਪੈਂਦੇ ਹਨ। ਇੱਕ ਸਕਰੀਨ-ਸੇਵਰ ਮੁੱਖ ਤੌਰ 'ਤੇ ਐਨੀਮੇਟਿਡ ਤਸਵੀਰਾਂ ਹੁੰਦੀਆਂ ਹਨ। ਸਕਰੀਨ-ਸੇਵਰ ਕੰਪਿਊਟਰ ਦੇ ਮਾਨੀਟਰ ਦੀ ਫਾਸਫੋਰਸ ਕੋਟਿੰਗ ਨੂੰ ਸੜਨ ਤੋਂ ਬਚਾਉਣ ਲਈ ਵਿਕਸਿਤ ਕੀਤੇ ਗਏ ਸਨ।

ਸਕਰੀਨ-ਸੇਵਰ ਸੈੱਟ ਕਰਨ ਦੇ ਪੜਾਅ:

1. ਤਸਵੀਰ 2.14 ਅਨੁਸਾਰ ਨਜ਼ਰ ਆ ਰਹੇ Screensaver ਥੰਬਨੇਲ 'ਤੇ ਕਲਿੱਕ ਕਰੋ। ਤੁਹਾਡੇ ਸਾਹਮਣੇ ਤਸਵੀਰ 2.16 ਅਨੁਸਾਰ ਤਸਵੀਰ ਨਜ਼ਰ ਆਵੇਗੀ।



ਚਿੱਤਰ 2.16 ਸਕਰੀਨ-ਸੇਵਰ

2. ਆਪਣੀ ਪਸੰਦ ਅਨੁਸਾਰ ਸਕਰੀਨ-ਸੇਵਰ ਸੈੱਟ ਕਰਨ ਲਈ ਚਿੱਤਰ 2.16 ਅਨੁਸਾਰ ਨਜ਼ਰ ਆ ਰਹੇ Screen saver ਬਟਨ 'ਤੇ ਕਲਿੱਕ ਕਰੋ ਅਤੇ ਡਰਾਪ ਡਾਊਨ ਮੀਨੂੰ ਵਿੱਚ ਆਪਣੀ ਪਸੰਦ ਦਾ ਸਕਰੀਨ-ਸੇਵਰ ਚੁਣੋ, ਜਿਵੇਂ ਕਿ ਤਸਵੀਰ ਵਿੱਚ 3D Text ਸਕਰੀਨ-ਸੇਵਰ ਚੁਣਿਆ ਹੋਇਆ ਹੈ।

3. ਸਕਰੀਨ-ਸੇਵਰ ਦੀ ਸੈਟਿੰਗ ਲਈ Settings ਬਟਨ 'ਤੇ ਕਲਿੱਕ ਕਰਕੇ ਆਪਣੀ ਜ਼ਰੂਰਤ ਅਨੁਸਾਰ ਸੈਟਿੰਗ ਸੈੱਟ ਕਰੋ।

4. ਸਕਰੀਨ- ਸੇਵਰ ਦਾ ਪ੍ਰੀਵਿਊ ਦੇਖਣ ਲਈ ਚਿੱਤਰ 2.16 ਵਿੱਚ ਨਜ਼ਰ ਆ ਰਹੇ Preview ਬਟਨ 'ਤੇ ਕਲਿੱਕ ਕਰੋ।

5. ਡੈਸਕਟਾਪ ਤੋਂ ਸਕਰੀਨ-ਸੇਵਰ ਨੂੰ ਆਪਣੇ-ਆਪ ਚੱਲਣ ਲਈ ਇਸ ਦਾ ਟਾਈਮ ਸੈਟ ਕਰਨਾ ਪੈਂਦਾ ਹੈ। ਇਸ ਲਈ ਤਸਵੀਰ ਵਿੱਚ ਨਜ਼ਰ ਆ ਰਹੇ Wait ਆਪਸ਼ਨ ਵਿੱਚ ਟਾਈਮ ਦੀ ਸੈਟਿੰਗ ਟਾਈਪ ਕਰੋ, ਜਿਵੇਂ ਕਿ ਚਿੱਤਰ 2.16 ਵਿੱਚ 10 ਮਿੰਟ ਨਜ਼ਰ ਆ ਰਿਹਾ ਹੈ।

6. Apply ਬਟਨ 'ਤੇ ਕਲਿੱਕ ਕਰੋ ਅਤੇ OK ਬਟਨ ਦਬਾਓ। ਸਕਰੀਨ-ਸੇਵਰ ਸੈੱਟ ਹੋ ਜਾਵੇਗਾ।

ਯਾਦ ਰੱਖਣ ਯੋਗ ਗੱਲਾਂ

1. ਵਿੰਡੋਜ਼- ਐਕਸਪਲੋਰਰ ਇੱਕ ਮੱਹਤਵਪੂਰਨ ਐਪਲੀਕੇਸ਼ਨ ਹੈ। ਇਸ ਦੀ ਵਰਤੋਂ ਨਾਲ਼ ਅਸੀਂ ਕੰਪਿਊਟਰ ਵਿੱਚ ਪਈਆਂ ਫ਼ਾਈਲਾਂ ਅਤੇ ਫ਼ੋਲਡਰਾਂ ਨਾਲ਼ ਜੁੜ ਸਕਦੇ ਹਾਂ।
2. ਵਿੰਡੋਜ਼ ਐਕਸਪਲੋਰਰ ਨੂੰ ਖੋਲ੍ਹਣ ਦਾ ਤਰੀਕਾ ਹੈ:
   ਵਿੰਡੋਜ਼ ਕੀਅ ਦਬਾਓ- ਪ੍ਰੋਗਰਾਮ 'ਤੇ ਕਲਿੱਕ ਕਰੋ-ਐਕਸੈੱਸਰੀਜ਼- ਵਿੰਡੋਜ਼-ਐਕਸਪਲੋਰਰ
3. ਵਿੰਡੋਜ਼- ਐਕਸਪਲੋਰਰ ਦੇ ਦੋ ਪੇਨ ਹੁੰਦੇ ਹਨ-ਖੱਬਾ ਪੇਨ ਅਤੇ ਸੱਜਾ ਪੇਨ
4. ਖੱਬੇ ਪੇਨ ਨੂੰ ਨੇਵੀਗੇਸ਼ਨ ਪੇਨ ਵੀ ਕਿਹਾ ਜਾਂਦਾ ਹੈ ਜਿਸ ਵਿੱਚ ਕੰਪਿਊਟਰ ਵਿੱਚ ਪਈਆਂ ਡ੍ਰਾਈਵਜ਼, ਫ਼ਾਈਲਾਂ ਅਤੇ ਫ਼ੋਲਡਰ ਦਿਖਾਈ ਦਿੰਦੇ ਹਨ।
5. ਵਿੰਡੋਜ਼- ਐਕਸਪਲੋਰਰ ਦੀ ਮਦਦ ਨਾਲ਼ ਤੁਸੀਂ ਫ਼ਾਈਲ ਜਾਂ ਫ਼ੋਲਡਰ ਨੂੰ ਕੱਟ, ਕਾਪੀ, ਪੇਸਟ, ਡਿਲੀਟ ਜਾਂ ਰੀਨੇਮ ਕਰ ਸਕਦੇ ਹੋ।
6. ਬਾਏ ਡਿਫ਼ਾਲਟ ਚਾਰ ਲਾਇਬ੍ਰੇਰੀਆਂ ਹੁੰਦੀਆਂ ਹਨ-ਡਾਕੂਮੈਂਟਸ,ਮਿਊਜ਼ਿਕ, ਪਿਕਚਰਜ਼ ਅਤੇ ਵੀਡੀਓਜ਼।

ਅਭਿਆਸ

1. ਖ਼ਾਲੀ ਥਾਂਵਾਂ ਭਰੋ:

ੳ. ਵਿੰਡੋਜ਼- ਐਕਸਪਲੋਰਰ ਦੇ ਦੋ ਪੇਨ ਹੁੰਦੇ ਹਨ। ਇਹ ਹਨ......... ਅਤੇ...............
1. (ਪਹਿਲਾ,ਦੂਜਾ) 2. (ਖੱਬਾ,ਸੱਜਾ) 3. (ਉੱਪਰਲਾ,ਹੇਠਲਾ) 4. (ਫ਼ਾਈਲ ,ਫ਼ੋਲਡਰ)

ਅ. .... ਵਿਊ ਇੱਕ ਫ਼ਾਈਲ ਦਾ ਸਾਈਜ਼,ਕਿਸਮ ਅਤੇ ਸੋਧਣ ਦੀ ਮਿਤੀ ਦੱਸਦਾ ਹੈ।
1. (ਡਿਟੇਲ) 2. (ਟਾਈਲਜ਼) 3. (ਲਿਸਟ) 4. (ਕੰਨਟੈਂਟ)

ੲ. ....ਆਪਸ਼ਨ ਦੀ ਵਰਤੋਂ ਫ਼ਾਈਲਾਂ ਅਤੇ ਫ਼ੋਲਡਰਾਂ ਨੂੰ ਲੱਭਣ ਲਈ ਕੀਤੀ ਜਾਂਦੀ ਹੈ।
1. (ਫ਼ਾਈਲ) 2. (ਸਿਲੈਕਟ) 3. (ਸਰਚ) 4. (ਡਿਲੀਟ)

ਸ. ਕੈਲਕੁਲੇਟਰ ਨੂੰ ਰਨ-ਬਾਕਸ ਵਿੱਚ.........ਟਾਈਪ ਕਰਕੇ ਖੋਲ੍ਹਿਆ ਜਾਂਦਾ ਹੈ।
1. (Calculator) 2. (Cal) 3. (calc) 4. (ਇਹਨਾਂ ਵਿੱਚ ਕੋਈ ਨਹੀਂ)

ਹ. ....ਕਮਾਂਡ ਦੀ ਵਰਤੋਂ ਕਿਸੇ ਆਈਟਮ ਨੂੰ ਉਸਦੀ ਥਾਂ ਤੋਂ ਕੱਟਣ ਲਈ ਕੀਤੀ ਜਾਂਦੀ ਹੈ।
1.(ਕਾਪੀ) 2.(ਪੇਸਟ) 3.(ਕੱਟ) 4. (ਡਿਲੀਟ)

2. ਸਹੀ ਜਾਂ ਗ਼ਲਤ ਚੁਣੋ:

1. ਵਿੰਡੋਜ਼- ਐਕਸਪਲੋਰਰ ਦੀ ਵਰਤੋਂ ਫ਼ਾਈਲਾਂ ਦਾ ਉਚਿਤ ਪ੍ਰਬੰਧ ਕਰਨ ਲਈ ਕੀਤੀ ਜਾਂਦੀ ਹੈ।
2. ਇੱਕ ਫ਼ਾਈਲ ਵਿੱਚ ਕਈ ਫ਼ਾਈਲਾਂ ਅਤੇ ਫ਼ੋਲਡਰ ਆ ਸਕਦੇ ਹਨ।
3. ਵਿੰਡੋਜ਼ -ਐਕਸਪਲੋਰਰ ਨੂੰ ਖੋਲ੍ਹਣ ਦਾ ਤਰੀਕਾ ਹੈ:
   ਵਿੰਡੋਜ਼ ਕੀਅ+ R ਦਬਾਓ। ਰਨ ਬਾਕਸ ਵਿੱਚ ਐਕਸਪਲੋਰਰ ਟਾਈਪ ਕਰੋ।
4. ਵਿੰਡੋਜ਼- ਐਕਸਪਲੋਰਰ ਇੱਕ ਆਪਰੇਟਿੰਗ ਸਿਸਟਮ ਹੈ।
5. "ਕਾਪੀ" ਆਪਸ਼ਨ ਦੀ ਵਰਤੋਂ ਕਿਸੇ ਆਈਟਮ ਦੀ ਡੁਪਲੀਕੇਟ ਬਣਾਉਣ ਲਈ ਕੀਤੀ ਜਾਂਦੀ ਹੈ।

3. ਛੋਟੇ ਉੱਤਰਾਂ ਵਾਲੇ ਪ੍ਰਸ਼ਨ:

1. ਵਿੰਡੋਜ਼- ਐਕਸਪਲੋਰਰ ਵਿੱਚ ਕਿੰਨੇ ਪੇਨ ਹੁੰਦੇ ਹਨ? ਉਹਨਾਂ ਦੇ ਨਾਮ ਲਿਖੋ।
2. ਵਿੰਡੋਜ਼ ਐਕਸਪਲੋਰਰ ਦੇ ਭਾਗਾਂ ਦੀ ਸੂਚੀ ਦਿਓ।
3. ਕੀਅ- ਬੋਰਡ ਦੀ ਮਦਦ ਨਾਲ਼ ਅਸੀਂ ਨਵਾਂ ਫ਼ੋਲਡਰ ਕਿਵੇਂ ਬਣਾ ਸਕਦੇ ਹਾਂ?
4. ਕਾਪੀ ਅਤੇ ਪੇਸਟ ਆਪਸ਼ਨ ਦੀ ਵਰਤੋਂ ਨਾਲ਼ ਕਿਸੇ ਆਈਟਮ ਨੂੰ ਕਿਵੇਂ ਕਾਪੀ ਕਰ ਸਕਦੇ ਹਾਂ? ਦਸੋ।
5. ਬੈਕ-ਗ੍ਰਾਊਂਡ 'ਤੇ ਨੋਟ ਲਿਖੋ।
6. ਸਕਰੀਨ- ਸੇਵਰ ਬਾਰੇ ਦਸੋ।

4. ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ:

1. ਵਿੰਡੋਜ਼- ਐਕਸਪਲੋਰਰ ਕੀ ਹੈ? ਵਿੰਡੋਜ਼ ਐਕਸਪਲੋਰਰ ਨੂੰ ਖੋਲ੍ਹਣ ਦੇ ਵੱਖਰੇ-ਵੱਖਰੇ ਸਟੈਪ ਲਿਖੋ।
2. ਵਿੰਡੋਜ਼- ਐਕਸਪਲੋਰਰ ਦੇ ਵੱਖਰੇ-ਵੱਖਰੇ ਵਿਊ ਲਿਖੋ।
3. ਕਿਸੇ ਆਈਟਮ ਨੂੰ ਕੱਟ ਅਤੇ ਪੇਸਟ ਰਾਹੀਂ ਕਿਵੇਂ ਮੂਵ ਕਰ ਸਕਦੇ ਹਾਂ?
4. ਸੈਂਡ ਟੂ ਆਪਸ਼ਨ ਦੀ ਵਰਤੋਂ ਕਰ ਕੇ ਕਿਸੇ ਆਈਟਮ ਨੂੰ ਕਿਵੇਂ ਕਾਪੀ ਕਰ ਸਕਦੇ ਹਾਂ? ਦਸੋ।
5. ਹੇਠ ਲਿਖਿਆਂ ਦੀ ਵਿਆਖਿਆ ਕਰੋ :-
   ਰਨ- ਕਮਾਂਡ, ਸਰਚ-ਕਮਾਂਡ, ਕੈਲਕੂਲੇਟਰ
6. ਬੈਕ-ਗ੍ਰਾਊਂਡ ਬਦਲਣ ਦੇ ਸਟੈੱਪ ਲਿਖੋ।
7. ਸਕਰੀਨ- ਸੇਵਰ ਸੈੱਟ ਕਰਨ ਦੇ ਸਟੈੱਪ ਲਿਖੋ।

ਪਾਠ–3

ਸਟੋਰੇਜ ਡਿਵਾਇਸਿਜ਼

ਇਸ ਪਾਠ ਦੇ ਉਦੇਸ਼

3.1 ਮੈਮਰੀ ਕੀ ਹੈ?

3.2. ਮੈਮਰੀ ਦੀ ਵਰਤੋਂ

3.3. ਮੈਮਰੀ ਦੀਆਂ ਕਿਸਮਾਂ

- 3.3.1. ਪ੍ਰਾਇਮਰੀ ਮੈਮਰੀ
  - 3.3.1.1. ROM
  - 3.3.1.2. RAM
- 3.3.2. ਸੈਕੰਡਰੀ ਮੈਮਰੀ
  - 3.3.2.1. ਹਾਰਡ ਡਿਸਕ ਡ੍ਰਾਈਵ
  - 3.3.2.2. ਐਕਸਟਰਨਲ ਹਾਰਡ ਡਿਸਕ ਡ੍ਰਾਈਵ
    - 3.3.2.2.1 ਐਕਸਟਰਨਲ ਹਾਰਡ ਡਿਸਕ ਡ੍ਰਾਈਵ ਦੀਆਂ ਵਿਸ਼ੇਸ਼ਤਾਵਾਂ
  - 3.3.2.3. ਫ਼ਲੌਪੀ ਡਿਸਕ
  - 3.3.2.4. ਮੈਗਨੈਟਿਕ ਟੇਪ
  - 3.3.2.5. ਸੀ.ਡੀ.(CD)
  - 3.3.2.6. ਡੀ.ਵੀ.ਡੀ.(DVD)
  - 3.3.2.7. ਪੈੱਨ ਡ੍ਰਾਈਵ
  - 3.3.2.8. ਮੈਮਰੀ ਕਾਰਡ

3.1. ਮੈਮਰੀ ਕੀ ਹੈ ?

ਕੋਈ ਵੀ ਮਾਧਿਅਮ ਜਿਸ ਵਿੱਚ ਡਾਟਾ ਸਟੋਰ ਕਰਕੇ ਰੱਖਣ ਦੀ ਸਮਰੱਥਾ ਹੋਵੇ, ਨੂੰ ਮੈਮਰੀ ਕਿਹਾ ਜਾ ਸਕਦਾ ਹੈ। ਕੰਪਿਊਟਰ ਮੈਮਰੀ ਇਲੈਕਟ੍ਰਾਨਿਕ ਸਪੇਸ ਹੁੰਦੀ ਹੈ ਜੋ ਕਿ ਸਿਲੀਕਾਨ ਚਿਪਾਂ ਜਾਂ ਮੈਗਨੈਟਿਕ/ਆਪਟਿਕਲ ਮਾਧਿਅਮ ਦੀ ਬਣੀ ਹੁੰਦੀ ਹੈ। ਇਸ ਵਿੱਚ ਡਾਟਾ ਅਤੇ ਹਿਦਾਇਤਾਂ ਨੂੰ ਅਸਥਾਈ ਜਾਂ ਸਥਾਈ ਤੌਰ 'ਤੇ ਸਟੋਰ ਕੀਤਾ ਜਾ ਸਕਦਾ ਹੈ ਜੋ ਕਿ ਕੰਪਿਊਟਰ ਨੂੰ ਕੰਟ੍ਰੋਲ ਕਰਨ ਅਤੇ ਇੱਕ ਜਾਂ ਵੱਧ ਪ੍ਰੋਗਰਾਮਾਂ ਨੂੰ ਐਗਜ਼ੀਕਿਊਟ ਕਰਨ ਵਿੱਚ ਵਰਤਿਆ ਜਾਂਦਾ ਹੈ। ਮੈਮਰੀ ਬਹੁਤ ਸਾਰੇ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡੀ ਹੁੰਦੀ ਹੈ, ਜਿਨ੍ਹਾਂ ਨੂੰ ਸੈੱਲ ਕਿਹਾ ਜਾਂਦਾ ਹੈ।

3.2. ਮੈਮਰੀ ਦੀ ਵਰਤੋਂ

ਮਨੁੱਖ ਦੇ ਦਿਮਾਗ਼ ਦੀ ਤਰ੍ਹਾਂ, ਕੰਪਿਊਟਰ ਨੂੰ ਡਾਟਾ ਸਟੋਰ ਕਰਕੇ ਰੱਖਣ ਲਈ ਮੈਮਰੀ ਦੀ ਜ਼ਰੂਰਤ ਹੁੰਦੀ ਹੈ। ਕੰਪਿਊਟਰ ਮੈਮਰੀ, ਕੰਪਿਊਟਰ ਵਿੱਚ ਇੱਕ ਜਗ੍ਹਾ ਹੁੰਦੀ ਹੈ ਜਿੱਥੇ ਪ੍ਰੋਸੈਸ ਕਰਨ ਲਈ ਡਾਟਾ ਅਤੇ ਹਿਦਾਇਤਾਂ ਨੂੰ ਰੱਖਿਆ ਜਾਂਦਾ ਹੈ। ਕੰਪਿਊਟਰ ਡਾਟਾ ਨੂੰ ਡਿਜਿਟਲ ਫਾਰਮੈਟ ਵਿੱਚ ਸਟੋਰ ਕਰਦਾ ਹੈ ਅਤੇ ਸਮੇਂ ਦੇ ਨਾਲ਼, ਮਨੁੱਖ ਦੀ ਯਾਦਦਾਸ਼ਤ ਦੀ ਤਰ੍ਹਾਂ ਕੰਪਿਊਟਰ ਦੀ ਮੈਮਰੀ ਸਮੇਂ ਨਾਲ਼ ਖ਼ਤਮ / ਘਟ ਨਹੀਂ ਹੁੰਦੀ।

3.3. ਮੈਮਰੀ ਦੀਆਂ ਕਿਸਮਾਂ

ਮੈਮਰੀ ਦੀਆਂ ਦੋ ਮੁੱਖ ਸ਼੍ਰੇਣੀਆਂ ਹੁੰਦੀਆਂ ਹਨ:

3.3.1. ਪ੍ਰਾਇਮਰੀ ਮੈਮਰੀ : ਇਹ ਦੋ ਤਰ੍ਹਾਂ ਦੀ ਹੁੰਦੀ ਹੈ

3.3.1.1. ROM : ਰੀਡ ਓਨਲੀ ਮੈਮਰੀ

3.3.1.2. RAM : ਰੈਂਡਮ ਐਕਸੈੱਸ ਮੈਮਰੀ

3.3.2. ਸੈਕੰਡਰੀ ਮੈਮਰੀ

3.3.1. ਪ੍ਰਾਇਮਰੀ ਮੈਮਰੀ:

ਪ੍ਰਾਇਮਰੀ ਮੈਮਰੀ ਜਾਂ ਅੰਦਰੂਨੀ ਮੈਮਰੀ ਸਿਰਫ਼ ਉਹਨਾਂ ਡਾਟਾ ਅਤੇ ਹਿਦਾਇਤਾਂ ਨੂੰ ਸਟੋਰ ਕਰਦੀ ਹੈ ਜਿਨ੍ਹਾਂ ਉੱਤੇ ਕੰਪਿਊਟਰ ਉਸ ਸਮੇਂ ਕੰਮ ਕਰ ਰਿਹਾ ਹੁੰਦਾ ਹੈ। ਇਸ ਵਿੱਚ ਮਾਈਕਰੋ ਕੰਡਕਟਰ ਵਰਤੇ ਜਾਂਦੇ ਹਨ ਜੋ ਕਿ ਬਹੁਤ ਤੇਜ਼ ਅਤੇ ਵਿਸ਼ੇਸ਼ ਕਿਸਮ ਦੇ ਇਲੈਕਟ੍ਰਾਨਿਕ ਸਰਕਟ ਹੁੰਦੇ ਹਨ। ਇਹਨਾਂ ਦੀ ਸਟੋਰੇਜ ਸਮਰੱਥਾ ਘੱਟ ਹੁੰਦੀ ਹੈ ਅਤੇ ਬਿਜਲੀ ਦੇ ਬੰਦ ਹੋਣ ਇਹਨਾਂ ਵਿੱਚਲਾ ਡਾਟਾ ਨਸ਼ਟ ਹੋ ਜਾਂਦਾ ਹੈ। ਆਮ ਤੌਰ ’ਤੇ ਇਹ ਸੈਮੀ ਕੰਡਕਟਰ ਯੰਤਰਾਂ ਦੀ ਬਣੀ ਹੁੰਦੀ ਹੈ ਜਿਨ੍ਹਾਂ ਡਾਟਾ ਅਤੇ ਹਿਦਾਇਤਾਂ ਨੇ ਪ੍ਰੋਸੈੱਸ ਹੋਣਾ ਹੁੰਦਾ ਹੈ ਉਹ ਮੇਨ ਮੈਮਰੀ ਵਿੱਚ ਰੱਖੇ ਜਾਂਦੇ ਹਨ। ਆਓ ਪ੍ਰਾਇਮਰੀ ਮੈਮਰੀ ਦੀਆਂ ਕਿਸਮਾਂ ਬਾਰੇ ਜਾਣੀਏ:

3.3.1.1. ROM : ਰੋਮ ਤੋਂ ਭਾਵ ਹੈ, ਰੀਡ ਓਨਲੀ ਮੈਮਰੀ। ਇਹ ਕੰਪਿਊਟਰ ਮੈਮਰੀ ਦਾ ਇੱਕ ਛੋਟਾ ਜਿਹਾ ਹਿੱਸਾ ਹੈ, ਇਸ ਦੀ ਸਮਰੱਥਾ ਪਹਿਲਾਂ ਤੋਂ ਹੀ ਨਿਰਧਾਰਿਤ ਹੁੰਦੀ ਹੈ ਅਤੇ ਇਹ ਉਹਨਾਂ ਹਿਦਾਇਤਾਂ ਨੂੰ ਪੱਕੇ ਤੌਰ ’ਤੇ ਸਟੋਰ ਕਰਦੀ ਹੈ ਜੋ ਕਿ ਕੰਪਿਊਟਰ ਨੂੰ ਸ਼ੁਰੂ ਕਰਨ ਸਮੇਂ ਵਰਤੀਆਂ ਜਾਂਦੀਆਂ ਹਨ। ਬਜ਼ਾਰ ਵਿੱਚ ਕਈ ਤਰ੍ਹਾਂ ਦੀਆਂ ਰੋਮ ਉਪਲਬਧ ਹਨ, ਜਿਵੇਂ ਕਿ ROM, PROM, EPROM, EEPROM ਆਦਿ।

ਚਿੱਤਰ 3.1 ਰੀਡ ਓਨਲੀ ਮੈਮਰੀ (ROM)

3.3.1.2. ਰੈਮ (**RAM**): ਰੈਮ ਤੋਂ ਭਾਵ ਹੈ ਰੈਂਡਮ ਐਕਸੈੱਸ ਮੈਮਰੀ। ਰੈਮ ਕੰਪਿਊਟਰ ਮੈਮਰੀ ਦਾ ਉਹ ਹਿੱਸਾ ਹੈ ਜੋ ਕਿ ਉਸ ਸਮੇਂ ਚੱਲ ਰਹੇ ਪ੍ਰੋਗਰਾਮਾਂ ਅਤੇ ਡਾਟਾ ਦਾ ਲੇਖਾ-ਜੋਖਾ ਰੱਖਦਾ ਹੈ। ਇਹ ਮੈਮਰੀ ਚਿਪਾਂ ਹੁੰਦੀਆਂ ਹਨ ਸਟੋਰਡ ਡਾਟਾ ਅਤੇ ਹਿਦਾਇਤਾਂ ਨੂੰ ਵਰਤਣ ਦੀ ਆਗਿਆ ਦਿੰਦੀਆਂ ਹਨ। ਇਹ ਸੈਕੰਡਰੀ ਸਟੋਰੇਜ ਨਾਲੋਂ ਸੌ ਗੁਣਾ ਵੱਧ ਤੇਜ਼ ਕੰਮ ਕਰਦੀ ਹੈ। ਜਦੋਂ ਅਸੀਂ ਕੰਪਿਊਟਰ ਸ਼ੁਰੂ ਕਰਦੇ ਹਾਂ ਜਾਂ ਇਹ ਬੂਟ-ਅੱਪ ਹੁੰਦਾ ਹੈ, ਉਸ ਸਮੇਂ RAM ਜਾਂ ਮੈਮਰੀ ਵਿੱਚ ਆਪਰੇਟਿੰਗ ਸਿਸਟਮ ਲੋਡ ਹੁੰਦਾ ਹੈ। ਇਸ ਨਾਲ਼ ਸਾਡਾ ਕੰਪਿਊਟਰ ਕਈ ਤਰ੍ਹਾਂ ਦੇ ਕੰਮ, ਜਿਵੇਂ ਕਿ ਮਾਊਸ ਕਲਿਕ ਹੈਂਡਲ ਕਰਨਾ ਅਤੇ ਕੀਅ-ਬੋਰਡ ਦੀ ਵਰਤੋਂ ਕਰਨਾ ਸ਼ੁਰੂ ਕਰਦਾ ਹੈ। ਜਦੋਂ ਅਸੀਂ ਕੋਈ ਪ੍ਰੋਗਰਾਮ ਸ਼ੁਰੂ ਕਰਦੇ ਹਾਂ, ਉਸ ਸਮੇਂ ਉਸ ਪ੍ਰੋਗਰਾਮ ਦਾ ਇਨਟਰਫ਼ੇਸ ਅਤੇ ਉਸ ਨਾਲ਼ ਸੰਬੰਧਿਤ ਕੰਮ ਵੀ RAM ਵਿੱਚ ਲੋਡ ਕੀਤੇ ਜਾਂਦੇ ਹਨ। RAM ਇੱਕ ਬਹੁਤ ਤੇਜ਼-ਰਫ਼ਤਾਰ ਕਿਸਮ ਦੀ ਮੈਮਰੀ ਹੁੰਦੀ ਹੈ ਜੋ ਕਿ ਇਸ ਨੂੰ ਚੱਲ ਰਹੇ ਪ੍ਰੋਗਰਾਮਾਂ ਅਤੇ ਪ੍ਰੋਸੈੱਸਾਂ ਨੂੰ ਸਟੋਰ ਕਰਨ ਵਿੱਚ ਸਮਰੱਥ ਬਣਾਉਂਦੀ ਹੈ।

ਚਿੱਤਰ 3.2. ਰੈਂਡਮ ਐਕਸੈੱਸ ਮੈਮਰੀ (RAM)

3.3.2. ਸੈਕੰਡਰੀ ਮੈਮਰੀ

ਸੈਕੰਡਰੀ ਮੈਮਰੀ ਨੂੰ ਐਕਸਟਰਨਲ ਮੈਮਰੀ,ਫਿਜ਼ਿਕਲ ਮੈਮਰੀ ਜਾਂ ਐਗਜ਼ੁਲਰੀ ਮੈਮਰੀ ਵੀ ਕਿਹਾ ਜਾਂਦਾ ਹੈ।ਇਸ ਸੂਚਨਾ ਨੂੰ ਲੰਮੇ ਸਮੇਂ ਤੱਕ, ਕੰਪਿਊਟਰ ਦੇ ਬੰਦ ਹੋਣ 'ਤੇ ਵੀ, ਸਟੋਰ ਕਰਕੇ ਰੱਖਦੀ ਹੈ।ਐਗਜ਼ੁਲਰੀ ਮੈਮਰੀ ਤੋਂ ਭਾਵ ਹੈ ਮੈਗਨੈਟਿਕ ਸਟੋਰੇਜ ਡਿਵਾਇਸਿਜ਼ ਜਿਵੇਂ ਕਿ ਹਾਰਡ ਡ੍ਰਾਈਵ,ਆਪਟਿਕਲ ਸਟੋਰੇਜ ਡਿਵਾਈਸਜ਼ (ਸੀ.ਡੀ.ਰੌਮ ਅਤੇ ਡੀ.ਵੀ.ਡੀ.ਰੌਮ) ਆਦਿ।

ਆਓ ਹੁਣ ਅਸੀਂ ਹੇਠ ਲਿਖੇ ਸੈਕੰਡਰੀ ਮੈਮਰੀ ਦੀਆਂ ਕਿਸਮਾਂ ਬਾਰੇ ਜਾਣੀਏ:

3.3.2.1. ਹਾਰਡ ਡਿਸਕ ਡ੍ਰਾਈਵ :

ਇਹ ਮੈਮਰੀ ਦੀ ਸਥਾਈ ਕਿਸਮ ਹੈ। ਇਹ ਮੇਨ ਮੈਮਰੀ ਜਾਂ ਪ੍ਰਾਇਮਰੀ ਮੈਮਰੀ ਤੋਂ ਘੱਟ ਰਫਤਾਰ ਨਾਲ਼ ਕੰਮ ਕਰਦੀ ਹੈ। ਇਹ ਡਾਟਾ/ ਸੂਚਨਾ ਨੂੰ ਪੱਕੇ ਤੌਰ 'ਤੇ ਸਟੋਰ ਕਰਨ ਲਈ ਵਰਤੀਆਂ ਜਾਂਦੀਆਂ ਹਨ। ਸੀ.ਪੀ.ਯੂ. ਇਹਨਾਂ ਨੂੰ ਸਿੱਧੇ ਹੀ ਐਕਸੈਸ (ਵਰਤੋਂ) ਨਹੀਂ ਕਰਦਾ; ਬਲਕਿ ਇਹ ਇਨਪੁੱਟ-ਆਉਟਪੁੱਟ ਰੁਟੀਨਾਂ ਰਾਹੀਂ ਵਰਤੀਆਂ ਜਾਂਦੀਆਂ ਹਨ। ਸੈਕੰਡਰੀ ਮੈਮਰੀ ਵਿੱਚਲਾ ਡਾਟਾ ਪਹਿਲਾਂ ਮੇਨ ਮੈਮਰੀ ਵਿੱਚ ਭੇਜਿਆ ਜਾਂਦਾ ਹੈ ਅਤੇ ਫਿਰ CPU ਇਸ ਦੀ ਵਰਤੋਂ ਕਰ ਸਕਦਾ ਹੈ।

ਚਿੱਤਰ 3.3. ਹਾਰਡ ਡਿਸਕ ਡ੍ਰਾਈਵ:

ਹਾਰਡ ਡਿਸਕ, ਇੱਕ ਜਾਂ ਇੱਕ ਤੋਂ ਵੱਧ ਮਜਬੂਤ ਧਾਤੂ ਦੀਆਂ ਪਲੇਟਾਂ ਜਿਨ੍ਹਾਂ ਉੱਤੇ ਮੈਟਲ-ਆਕਸਾਈਡ ਦੀ ਪਰਤ ਚੜ੍ਹੀ ਹੁੰਦੀ ਹੈ, ਦੀ ਬਣੀ ਹੁੰਦੀ ਹੈ। ਇਹਨਾਂ ਉੱਤੇ ਡਾਟਾ ਮੈਗਨੈਟਿਕਲੀ ਰਿਕਾਰਡ ਕੀਤਾ ਜਾਂਦਾ ਹੈ। ਹਾਰਡ ਡਿਸਕ ਦੇ ਪਲੈਟਰ ਬਹੁਤ ਜ਼ਿਆਦਾ ਤੇਜ਼ ਰਫ਼ਤਾਰ ਨਾਲ਼ ਘੁੰਮਦੇ ਹਨ, ਆਮ ਤੌਰ ਤੇ 5400 ਤੋਂ 7200 ਚੱਕਰ/ ਮਿੰਟ ਦੀ ਰਫਤਾਰ ਨਾਲ਼ (RPM)।ਪਰਸਨਲ ਕੰਪਿਊਟਰ ਦੀ ਹਾਰਡ ਡਿਸਕ ਦੀ ਸਟੋਰੇਜ ਸਮਰੱਥਾ 20 GB ਤੋਂ 500 GB ਤੱਕ ਹੁੰਦੀ ਹੈ।

ਚਿੱਤਰ 3.4. ਹਾਰਡ ਡਿਸਕ ਡ੍ਰਾਈਵ ਦਾ ਅੰਦਰੂਨੀ ਹਿੱਸਾ

3.3.2.2. ਐਕਸਟਰਨਲ ਹਾਰਡ ਡਿਸਕ ਡ੍ਰਾਈਵ:

ਇੱਕ ਹਾਰਡ ਡ੍ਰਾਈਵ ਕੰਪਿਊਟਰ ਦਾ ਉਹ ਹਿੱਸਾ ਹੈ ਜੋ ਡਾਟਾ ਨੂੰ ਸਟੋਰ ਕਰਕੇ ਰੱਖਦਾ ਹੈ।ਹਰੇਕ ਕੰਪਿਊਟਰ ਨੂੰ ਘੱਟ ਤੋਂ ਘੱਟ ਇੱਕ ਹਾਰਡ ਡ੍ਰਾਈਵ ਦੀ ਜ਼ਰੂਰਤ ਹੁੰਦੀ ਹੈ, ਜਿਸ ਵਿੱਚ ਆਪਰੇਟਿੰਗ ਸਿਸਟਮ, ਪ੍ਰੋਗਰਾਮ ਅਤੇ ਯੂਜ਼ਰ ਦੀ ਹੋਰ ਸੂਚਨਾ ਸਟੋਰ ਕੀਤੀ ਜਾਂਦੀ ਹੈ।ਇਹ ਡ੍ਰਾਈਵ ਆਮ ਤੌਰ 'ਤੇ ਇਨਟਰਨਲ ਜਾਂ ਕੰਪਿਊਟਰ ਦੇ ਅੰਦਰ ਲੱਗੀ ਹੁੰਦੀ ਹੈ ਪਰ ਕੰਪਿਊਟਰ ਸਿਸਟਮ ਦੀ ਲੋੜ ਅਤੇ ਅਲੱਗ-ਅਲੱਗ ਜ਼ਰੂਰਤਾਂ, ਅਣਉਚਿੱਤ ਸਾਧਨਾਂ ਅਤੇ ਹਾਲਾਤ ਅਨੁਸਾਰ ਐਕਸਟਰਨਲ ਹਾਰਡ ਡ੍ਰਾਈਵ ਦੀ ਵਰਤੋਂ ਵੱਧ ਗਈ ਹੈ। ਐਕਸਟਰਨਲ ਹਾਰਡ ਡ੍ਰਾਈਵ ਦੀ ਵਰਤੋਂ ਇਨਟਰਨਲ ਹਾਰਡ ਡ੍ਰਾਈਵ ਦੇ ਨਾਲ, ਜ਼ਿਆਦਾ ਡਾਟਾ ਨੂੰ ਸਟੋਰ ਕਰਨ ਲਈ ਕੀਤੀ ਜਾਂਦੀ ਹੈ। ਇਹ ਯੂਜ਼ਰ ਨੂੰ ਖਾਸ, ਗੁਪਤ ਜਾਂ ਹੋਰ ਜ਼ਰੂਰੀ ਸੂਚਨਾ ਨੂੰ ਸਟੋਰ ਕਰਨ ਦੀ ਆਗਿਆ ਦਿੰਦੀ ਹੈ ਅਤੇ ਇਹਨਾਂ ਨੂੰ ਕੰਪਿਊਟਰ ਤੋਂ ਹਟਾ ਕੇ ਕਿਸੇ ਸੁਰੱਖਿਅਤ ਜਗ੍ਹਾ 'ਤੇ ਰੱਖਿਆ ਜਾ ਸਕਦਾ ਹੈ। ਐਕਸਟਰਨਲ ਹਾਰਡ ਡ੍ਰਾਈਵ ਪੋਰਟੇਬਲ ਸਟੋਰੇਜ ਡਿਵਾਇਸ ਹੈ ਕੰਪਿਊਟਰ ਨਾਲ਼ USB ਰਾਹੀਂ

ਚਿੱਤਰ 3.5. ਐਕਸਟਰਨਲ ਹਾਰਡ ਡਿਸਕ ਡ੍ਰਾਈਵ

ਜਾਂ ਵਾਇਰਲੈਸਲੀ (Wirelessly) ਰਾਹੀਂ ਵੀ ਜੋੜਿਆ ਜਾ ਸਕਦਾ ਹੈ। ਇਹਨਾਂ ਦੀ ਸਟੋਰੇਜ ਸਮਰੱਥਾ ਆਮ ਤੌਰ 'ਤੇ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਇਹਨਾਂ ਨੂੰ ਕੰਪਿਊਟਰ ਦਾ ਬਕ-ਅਪ ਰੱਖਣ ਲਈ ਜਾਂ ਨੈਟਵਰਕ ਡ੍ਰਾਈਵ ਵਜੋਂ ਵੀ ਵਰਤਿਆ ਜਾਂਦਾ ਹੈ।

3.3.2.2.1 ਐਕਸਟਰਨਲ ਹਾਰਡ ਡਿਸਕ ਡ੍ਰਾਈਵ ਦੇ ਲਾਭ:

1. ਐਕਸਟਰਨਲ ਹਾਰਡ ਡ੍ਰਾਈਵ ਪੋਰਟੇਬਲ (ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਅਸਾਨੀ ਨਾਲ਼ ਲਿਜਾਈ ਜਾਂ ਸਕਦੀ ਹੈ) ਸਟੋਰੇਜ ਡਿਵਾਈਸ ਹੈ ਅਤੇ ਪਲੱਗ- ਅਤੇ ਪਲੇਅ (ਲਾਓ ਅਤੇ ਚਲਾਓ) ਦੇ ਆਧਾਰ 'ਤੇ ਕੰਮ ਕਰਦੀ ਹੈ।
2. ਇਹ ਯੂਜ਼ਰ ਨੂੰ ਬੈਕ-ਅੱਪ ਰੱਖਣ ਅਤੇ ਇਨਟਰਨਲ ਹਾਰਡ ਡ੍ਰਾਈਵ ਤੋਂ ਵੱਖਰੀ ਸੂਚਨਾ ਸਟੋਰ ਕਰਨ ਦੀ ਆਗਿਆ ਦਿੰਦੀ ਹੈ।
3. ਇੰਟਰਨੈੱਟ ਦੀ ਵਰਤੋਂ ਕਾਰਨ ਕੰਪਿਊਟਰ ਵਿੱਚ ਖ਼ਾਸ ਤਰ੍ਹਾਂ ਦਾ ਡਾਟਾ, ਜਿਵੇਂ ਕਿ ਖ਼ਾਸ ਡਾਕੂਮੈਂਟਸ, ਵੱਡੀਆਂ ਮਿਊਜ਼ਿਕ ਫ਼ਾਈਲਾਂ, ਮੂਵੀਜ਼, ਤਸਵੀਰਾਂ ਅਤੇ ਹੋਰ ਬੈਕ-ਅਪ ਫ਼ਾਈਲਾਂ, ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਹਨਾਂ ਨੂੰ ਸੁਰੱਖਿਅਤ ਤੌਰ 'ਤੇ ਅਤੇ ਸਹੀ ਢੰਗ ਨਾਲ਼ ਐਕਸਟਰਨਲ ਹਾਰਡ ਡ੍ਰਾਈਵ 'ਤੇ ਰਖਿਆ ਜਾ ਸਕਦਾ ਹੈ।

3.3.2.3. ਫ਼ਲੌਪੀ ਡਿਸਕ:

ਇਹ ਪਲਾਸਟਿਕ ਦੀਆਂ ਛੋਟੀਆਂ ਰਿਮੂਵੇਬਲ (ਰਿਮੂਵ ਹੋਣ ਵਾਲ਼ੀਆਂ) ਡਿਸਕਾਂ ਹੁੰਦੀਆਂ ਹਨ ਜਿਨ੍ਹਾਂ ਉੱਤੇ ਮੈਗਨੇਟਿਕ ਰਿਕਾਡਿੰਗ ਮਾਧਿਅਮ ਦੀ ਪਰਤ ਚੜ੍ਹੀ ਹੁੰਦੀ ਹੈ। ਆਮ ਤੌਰ 'ਤੇ ਫ਼ਲੌਪੀ ਡਿਸਕ 3.5" ਦੇ ਸਾਈਜ਼ ਦੀ ਹੁੰਦੀ ਹੈ ਅਤੇ ਇਸ ਵਿੱਚ 1.44 MB ਡਾਟਾ ਸਟੋਰ ਹੋ ਸਕਦਾ ਹੈ। ਇਹ ਪੋਰਟੇਬਲ ਸਟੋਰੇਜ ਯੰਤਰ ਹੈ ਜਿਸ ਉੱਤੇ ਵਾਰ-ਵਾਰ ਡਾਟਾ ਸਟੋਰ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਨੂੰ ਕਈ ਵਾਰ ਵਰਤਿਆਂ ਜਾ ਸਕਦਾ ਹੈ। ਫ਼ਲੌਪੀ ਡਿਸਕਾਂ ਨੂੰ ਆਮ ਤੌਰ 'ਤੇ ਇੱਕ ਕੰਪਿਊਟਰ ਤੋਂ ਦੂਜੇ ਕੰਪਿਊਟਰ ਵਿੱਚ ਫ਼ਾਈਲਾਂ ਪਾਉਣ ਲਈ ਵਰਤਿਆ ਜਾਂਦਾ ਹੈ। ਇਹਨਾਂ ਦਾ ਮੁੱਖ ਨੁਕਸਾਨ ਇਹ ਹੈ ਕਿ ਇਹ ਅਸਾਨੀ ਨਾਲ਼ ਖ਼ਰਾਬ ਹੋ ਜਾਂਦੀਆਂ ਹਨ ਅਤੇ ਇਸ ਲਈ ਇਹ ਜ਼ਿਆਦਾ ਭਰੋਸੇ ਲਾਇਕ ਨਹੀਂ ਹਨ।

ਚਿੱਤਰ 3.6. ਫ਼ਲੌਪੀ ਡਿਸਕ

3.3.2.4. ਮੈਗਨੇਟਿਕ ਟੇਪ:

ਮੈਗਨੈਟਿਕ ਟੇਪ ਇੱਕ ਸਿਕੂਐਨਸ਼ੀਅਲ (ਇੱਕ ਤੋਂ ਬਾਅਦ ਇੱਕ) ਸਟੋਰੇਜ ਮਾਧਿਅਮ ਹੈ ਡਾਟਾ ਅਤੇ ਬੈਕ-ਅੱਪ ਰੱਖਣ ਲਈ ਵਰਤੀ ਜਾਂਦੀ ਹੈ। ਕੰਪਿਊਟਰ ਟੇਪ ਲਚਕਦਾਰ ਪਲਾਸਟਿਕ ਦੀ ਬਣੀ ਹੁੰਦੀ ਹੈ ਜਿਸ ਦੇ ਇੱਕ ਪਾਸੇ ਫੈਰੋਮੈਗਨੇਟਿਕ ਮਾਧਿਅਮ ਦੀ ਕੋਟਿੰਗ ਹੋਈ ਹੁੰਦੀ ਹੈ। ਸ਼ੁਰੂ ਵਿੱਚ ਟੇਪਾਂ ਖੁੱਲੀਆਂ ਰੀਲਾਂ ਹੁੰਦੀਆਂ ਸਨ, ਵੱਖ-ਵੱਖ ਸਾਈਜ਼ ਅਤੇ ਸ਼ਕਲਾਂ ਦੀਆਂ ਕਾਟਰੇਜ਼ਿਸ ਅਤੇ ਕੈੱਸਟਾਂ ਦੇ ਰੂਪ ਵਿੱਚ ਹੁੰਦੀਆਂ ਸਨ। ਟੇਪ ਵਿੱਚ ਡਾਟਾ ਸਟੋਰ ਕਰਨਾ, ਡਿਸਕ ਦੇ ਮੁਕਾਬਲੇ ਸਸਤਾ ਪੈਂਦਾ ਹੈ। ਪਰ ਇਹ ਸੋਚ ਬਦਲ ਰਹੀ ਹੈ ਕਿਉਂਕਿ ਡਿਸਕ ਦੀ ਡਾਟਾ ਸਟੋਰ ਕਰਨ ਦੀ ਸਮਰਥਾ ਵਧਦੀ ਜਾ ਰਹੀ ਹੈ। ਟੇਪ ਦਾ ਵੱਡਾ ਨੁਕਸਾਨ ਇਸ ਦਾ ਸਿਕੂਐਨਸ਼ੀਅਲ ਫ਼ਾਰਮੈਂਟ ਹੈ। ਇੱਕ ਖ਼ਾਸ ਰਿਕਾਰਡ ਨੂੰ ਲੱਭਣ ਲਈ ਉਸ ਤੋਂ ਪਹਿਲਾਂ ਵਾਲੇ ਸਾਰੇ ਰਿਕਾਰਡਾਂ ਨੂੰ ਪੜ੍ਹਨਾ ਪੈਂਦਾ ਹੈ।

ਚਿੱਤਰ3.7 ਮੈਗਨੈਟਿਕ ਟੇਪ:

3.3.2.5. **CD** (ਸੀ.ਡੀ):

ਕੰਮਪੈਕਟ ਡਿਸਕ (CD) ਇੱਕ ਪੋਰਟੇਬਲ ਡਿਸਕ ਹੁੰਦੀ ਹੈ, ਜਿਸ ਵਿੱਚ 650 ਤੋਂ 700 MB ਤੱਕ ਡਾਟਾ ਸਟੋਰੇਜ ਦੀ ਸਮਰੱਥਾ ਹੁੰਦੀ ਹੈ। ਇਹ ਵੱਡੀ ਮਾਤਰਾ ਵਿੱਚ ਸੂਚਨਾ ਸਟੋਰ ਕਰ ਸਕਦੀ ਹੈ ਜਿਵੇਂ ਕਿ ਮਿਊਜ਼ਿਕ, ਪੂਰੀ ਪਿਕਚਰ ਅਤੇ ਟੈੱਕਸਟ ਆਦਿ। ਇਸ ਵਿੱਚ ਡਿਜਿਟਲ ਸੂਚਨਾ ਹੁੰਦੀ ਹੈ ਜੋ ਕਿ ਪੜ੍ਹੀ ਜਾ ਸਕਦੀ ਹੈ ਪਰ ਦੁਬਾਰਾ ਲਿਖੀ ਨਹੀਂ ਜਾ ਸਕਦੀ। ਪੜ੍ਹਨ ਅਤੇ ਦੁਬਾਰਾ ਲਿਖਣ ਲਈ ਵੱਖ-ਵੱਖ CD ਡ੍ਰਾਈਵਜ਼ ਮੌਜੂਦ ਹਨ। ਕਿਉਂਕਿ ਇਹ ਇੱਕ ਭਰੋਸੇ ਲਾਇੱਕ ਸਟੋਰੇਜ ਮਾਧਿਅਮ ਹੈ ਇਸ ਲਈ ਇਸ ਨੂੰ ਕਈ ਯੂਜ਼ਰਾਂ ਨੂੰ ਵੱਡੀ ਮਾਤਰਾ ਵਿੱਚ ਸੂਚਨਾ ਵੰਡਣ ਲਈ ਇਸਤੇਮਾਲ ਕੀਤਾ ਜਾਂਦਾ ਹੈ। ਅੱਜ-ਕੱਲ੍ਹ ਬਹੁਤ ਸਾਰੇ ਸਾਫ਼ਟਵੇਅਰ ਵੀ ਸੀ.ਡੀ. ਵਿੱਚ ਹੀ ਮਿਲਦੇ ਹਨ।

ਚਿੱਤਰ 3.8 CD (ਸੀ.ਡੀ)

ਸੀ.ਡੀ. ਦਾ ਇੱਕ ਪਾਸਾ ਬਹੁਤ ਚਮਕੀਲਾ, ਸ਼ੀਸ਼ੇ ਦੀ ਤਰ੍ਹਾਂ ਹੁੰਦਾ ਹੈ। ਸੀ.ਡੀ. ਦੇ ਚਮਕੀਲੇ ਸਰਫ਼ੇਸ ਉੱਤੇ ਮਾਇਕਰੋ ਪਿਟਸ ਅਤੇ ਪਲੈਟਸ ਹੁੰਦੇ ਹਨ, ਜਿਨ੍ਹਾਂ ਵਿੱਚ ਸੂਚਨਾ ਸਟੋਰ ਹੁੰਦੀ ਹੈ। ਇਹ ਪਿਟਸ ਸਾਨੂੰ ਦਿਖਾਈ ਨਹੀਂ ਦਿੰਦੇ। ਇਕ ਲੇਜ਼ਰ ਬੀਮ ਦੀ ਮਦਦ ਨਾਲ਼ ਡਿਸਕ ਦੀ ਸੂਚਨਾ ਨੂੰ ਪੜ੍ਹਿਆ ਜਾ ਸਕਦਾ ਹੈ।ਸੀ.ਡੀ ਦੋ ਤਰ੍ਹਾਂ ਦੀ ਹੁੰਦੀ ਹੈ।

1. ਸੀ.ਡੀ. ਜਿਸ ਵਿੱਚ ਸੂਚਨਾ ਨੂੰ ਸਿਰਫ ਇਕ ਵਾਰ ਹੀ ਲਿਖਿਆ ਜਾ ਸਕਦਾ ਹੈ, ਉਸ ਤੋਂ ਬਾਅਦ ਉਸ ਸੂਚਨਾ ਨੂੰ ਸਿਰਫ਼ ਪੜ੍ਹਿਆ ਜਾ ਸਕਦਾ ਹੈ। ਇਸ ਤਰਾਂ ਦੀਆਂ ਸੀ.ਡੀਜ਼ ਨੂੰ ਕੰਮਪੈਕਟ ਡਿਸਕ ਰੀਡ ਓਨਲੀ (CD-R) ਕਿਹਾ ਜਾਂਦਾ ਹੈ।
2. ਉਹ ਸੀ.ਡੀ. ਜਿਸ ਉੱਤੇ ਸੂਚਨਾ ਨੂੰ ਵਾਰ-ਵਾਰ ਲਿਖਿਆ ਅਤੇ ਪੜ੍ਹਿਆ ਜਾ ਸਕਦਾ ਹੈ, ਨੂੰ ਕੰਮਪੈਕਟ ਡਿਸਕ ਰੀਡ ਅਤੇ ਰਾਈਟ CD-RW) ਕਿਹਾ ਜਾਂਦਾ ਹੈ।

3.3.2.6 ਡੀ.ਵੀ.ਡੀ (**DVD**):-

ਡਿਜਿਟਲ ਵਰਸੇਟਾਈਲ ਡਿਸਕ (DVD) ਸੀ.ਡੀ. ਤਰ੍ਹਾਂ ਹੀ ਹੁੰਦੀ ਹੈ ਪਰ ਇਸ ਦੀ ਸਟੋਰੇਜ ਸਮਰੱਥਾ ਸੀ.ਡੀ. ਨਾਲੋਂ ਕਿਤੇ ਵੱਧ ਅਤੇ ਕਲੈਰਿਟੀ ਬਹੁਤ ਹੁੰਦੀ ਹੈ। ਡਿਸਕ ਦੀ ਕਿਸਮ 'ਤੇ ਨਿਰਭਰ ਕਰਦਾ ਹੈ ਕਿ ਇਸ ਵਿੱਚ ਕਿੰਨੇ ਗੀਗਾ ਬਾਈਟ (GB) ਡਾਟਾ ਸਟੋਰ ਹੋਵੇਗਾ। DVDs ਨੂੰ ਆਮ ਤੌਰ 'ਤੇ ਗਾਣੇ ਜਾਂ 6 ਜਾਂ ਉਸ ਤੋਂ ਵੱਧ ਮੂਵੀਜ਼ (ਫਿਲਮਾਂ) ਨੂੰ ਸਟੋਰ ਕਰਨ ਲਈ ਵਰਤਿਆ ਜਾਂਦਾ ਹੈ। ਇਹਨਾਂ ਨੂੰ ਟੈਲੀਵੀਜ਼ਨ ਜਾਂ ਕੰਪਿਊਟਰ ਉੱਤੇ ਵੀ

ਚਿੱਤਰ 3.9 ਡੀ.ਵੀ.ਡੀ (DVD)

ਚਲਾਇਆ ਜਾ ਸਕਦਾ ਹੈ। DVDs ਦੀ ਆਮ ਵਰਤੋਂ , ਵੱਡੀ ਗਿਣਤੀ ਵਿੱਚ ਮਲਟੀਮੀਡਿਆ ਪ੍ਰੈਜ਼ਨਟੇਸ਼ਨਾਂ ਅਤੇ ਮੂਵੀਜ਼ ਜੋ ਕਿ ਵਧੀਆ ਕੁਆਲਿਟੀ ਦੀ ਅਵਾਜ਼ ਅਤੇ ਗ੍ਰਾਫਿਕਸ ਦੇ ਮੇਲ ਤੋਂ ਬਣਦੀਆਂ ਹਨ, ਨੂੰ ਸਟੋਰ ਕਰਨ ਵਿੱਚ ਹੁੰਦੀ ਹੈ। ਇਹ ਵਾਰ-ਵਾਰ ਲਿਖਣ ਵਾਲਾ ਮਾਧਿਅਮ ਨਹੀਂ ਹੈ। ਇਸ ਨੂੰ DVD (ਡਿਜਿਟਲ ਵੀਡੀਓ ਡਿਸਕ) ਵੀ ਕਿਹਾ ਜਾਂਦਾ ਹੈ।

ਸਾਨੂੰ CD/DVD ਵਰਤਣ ਸਮੇਂ ਹੇਠਾਂ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:-

- ਜਦੋਂ ਅਸੀਂ CD/DVD ਦੀ ਵਰਤੋਂ ਨਹੀਂ ਕਰ ਰਹੇ ਹੁੰਦੇ, ਤਾਂ ਇਸ ਨੂੰ ਇਸ ਦੇ ਕਵਰ ਵਿੱਚ ਰੱਖਣਾ ਚਾਹੀਦਾ ਹੈ।
- CD/DVD ਦੇ ਚਮਕੀਲੇ ਪਾਸੇ ਨੂੰ ਛੂਹਣਾ ਨਹੀਂ ਚਾਹੀਦਾ।
- CD/DVD ਦੇ ਪਿਛਲੇ (ਚਮਕੀਲੇ) ਪਾਸੇ ਪੈਨ ਜਾ ਪੈਨਸਿਲ ਨਾਲ਼ ਨਹੀਂ ਲਿਖਣਾ ਚਾਹੀਦਾ।
- CD/DVD ਨੂੰ ਮੋੜਨਾ ਨਹੀਂ ਚਾਹੀਦਾ।
- CD/DVD ਨੂੰ ਸਾਫ ਕਰਨ ਲਈ ਨਰਮ ਕੱਪੜੇ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਤੁਸੀਂ ਇਸ ਉੱਤੋਂ ਮਿੱਟੀ /ਘੱਟਾ ਹਟਾਉਣ ਲਈ ਪਾਣੀ ਦਾ ਇਸਤੇਮਾਲ ਵੀ ਕਰ ਸਕਦੇ ਹੋ।

3.3.2.7 ਪੈਨ ਡ੍ਰਾਈਵ:-

ਪੈੱਨ ਡ੍ਰਾਈਵ ਪੋਰਟਲ ਯੂਨੀਵਰਸਲ ਸੀਰੀਅਲ ਬੱਸ (USB) ਫ਼ਲੈਸ਼ ਮੈਮਰੀ ਡਿਵਾਈਸ ਹੈ ਜੋ ਕਿ ਆਡਿਓ, ਵੀਡੀਓ ਅਤੇ ਡਾਟਾ ਫ਼ਾਈਲਾਂ ਨੂੰ ਕੰਪਿਊਟਰ ਵਿੱਚ ਸਟੋਰ ਅਤੇ ਟਰਾਂਸਫਰ ਕਰਨ ਦੇ ਕੰਮ ਆਉਂਦੀ ਹੈ। ਇਹ ਛੋਟੇ ਆਕਾਰ ਦੀ ਹੋਣ ਕਾਰਨ ਤੁਹਾਡੀ ਜੇਬ ਵਿੱਚ ਵੀ ਅਸਾਨੀ ਨਾਲ਼ ਆ ਜਾਂਦੀ ਹੈ। ਇਸ ਨੂੰ ਕਈ ਹੋਰ ਨਾਵਾਂ, ਜਿਵੇਂ ਕਿ ਫਲੈਸ਼ ਡ੍ਰਾਈਵ, ਜੰਪ ਡ੍ਰਾਈਵ ਅਤੇ ਥੰਬ ਡ੍ਰਾਈਵ ਨਾਲ਼ ਵੀ ਜਾਣਿਆਂ ਜਾਂਦਾ ਹੈ। USB ਫਲੈਸ਼ ਡ੍ਰਾਈਵ ਦੀ ਵਰਤੋਂ ਵੀ ਫ਼ਲੌਪੀ ਡਿਸਕਾਂ ਜਾਂ ਸੀ.ਡੀ. ਵਾਂਗ ਹੀ ਕੀਤੀ ਜਾਂਦੀ ਹੈ ਡਾਟਾ ਨੂੰ ਸਟੋਰ ਕਰਨ, ਬੈਕ ਅੱਪ ਰੱਖਣ ਅਤੇ ਕੰਪਿਊਟਰ ਫ਼ਾਈਲਾਂ ਨੂੰ ਟਰਾਂਸਫਰ ਕਰਨ ਵਿੱਚ ਕੰਮ ਆਉਂਦੀ ਹੈ। ਇਹ ਆਕਾਰ ਵਿੱਚ ਛੋਟੀਆਂ, ਰਫਤਾਰ ਵਿੱਚ ਤੇਜ਼ ਅਤੇ ਸਟੋਰੇਜ ਸਮਰੱਥਾ ਵਿੱਚ ਹਜ਼ਾਰਾਂ ਗੁਣਾ ਵੱਧ ਹੁੰਦੀਆਂ ਹਨ। ਇਹ ਜ਼ਿਆਦਾ ਵਧੀਆ ਅਤੇ ਭਰੋਸੇ ਲਾਈਕ ਹੁੰਦੀਆਂ ਹਨ ਕਿਉਂਕਿ ਇਹਨਾਂ ਵਿੱਚ ਹਿਲ-ਜੁਲ ਕਰਨ ਵਾਲੇ ਹਿੱਸੇ ਨਹੀਂ ਹੁੰਦੇ । ਇਸ ਤੋਂ ਇਲਾਵਾ , ਇਹਨਾਂ ਉੱਤੇ ਇਲੈਕਟ੍ਰੋਮੈਗਨੈਟਿਕ ਇਨਟਰਫ਼ੀਅਰੈਂਸ (ਜਿਵੇਂ ਕਿ ਫ਼ਲੌਪੀ ਡਿਸਕਾਂ ਵਿੱਚ ਹੁੰਦਾ ਹੈ) ਦਾ ਕੋਈ ਅਸਰ ਨਹੀਂ ਹੁੰਦਾ ਅਤੇ ਇਹਨਾਂ ਦੇ ਸਰਫ਼ੇਸ 'ਤੇ ਸਕਰੈਚ (ਨਿਸ਼ਾਨ) (ਜਿਵੇਂ ਕਿ CDs ਉੱਤੇ) ਨਹੀਂ ਪੈਂਦੇ।

ਚਿੱਤਰ - 3.1● ਪੈੱਨ ਡ੍ਰਾਈਵ:

3.3.2.8 ਮੈਮਰੀ ਕਾਰਡ:-

ਮੈਮਰੀ ਕਾਰਡ ਵੀ ਇੱਕ ਤਰ੍ਹਾਂ ਦਾ ਸਟੋਰੇਜ ਮੀਡੀਆ ਹੈ ਜੋ ਕਿ ਅੱਜ-ਕੱਲ੍ਹ ਕਿ ਆਮ ਤੌਰ 'ਤੇ ਡਿਜਿਟਲ ਕੈਮਰਾ, ਹੈਂਡ-ਹੈਲਡ ਕੰਪਿਊਟਰ, MP3 ਪਲੇਅਰ, ਸੈੱਲ ਫ਼ੋਨਾਂ, ਗੇਮ ਕਨਸੋਲਾਂ ਅਤੇ ਪ੍ਰਿੰਟਰਾਂ ਵਿੱਚ ਤਸਵੀਰਾਂ, ਫ਼ਿਲਮਾਂ, ਮਿਊਜ਼ਿਕ ਅਤੇ ਹੋਰ ਡਾਟਾ ਸਟੋਰ ਕਰਨ ਲਈ ਵਰਤੇ ਜਾਂਦੇ ਹਨ। ਇਹਨਾਂ ਨੂੰ ਫ਼ਲੈਸ਼ ਮੈਮਰੀ ਕਾਰਡ ਵੀ ਕਿਹਾ ਜਾਂਦਾ ਹੈ।

ਬਜ਼ਾਰਾਂ ਵਿੱਚ ਕਈ ਕਿਸਮ ਦੇ ਮੈਮਰੀ ਕਾਰਡ ਉਪਲਬਧ ਹਨ ਵੱਖ-ਵੱਖ ਸਾਈਜ਼ ਅਤੇ ਕੰਮਪੈਟੇਬਿਲਟੀ ਅਤੇ ਸਟੋਰੇਜ ਸਮਰੱਥਾ ਦੇ ਹੁੰਦੇ ਹਨ। ਮੈਮਰੀ ਕਾਰਡ ਵਿੱਚ ਸਟੋਰ ਕੀਤਾ ਡਾਟਾ, ਕਾਰਡ ਰੀਡਰ ਜਾਂ ਡਾਟਾ ਕੇਬਲ ਦੀ ਮਦਦ ਨਾਲ਼ ਪੜ੍ਹਿਆ (ਦੇਖਿਆ) ਜਾ ਸਕਦਾ ਹੈ।

ਚਿੱਤਰ 3.11 ਮੈਮਰੀ ਕਾਰਡ

ਯਾਦ ਰੱਖਣ ਯੋਗ ਗੱਲਾਂ

- ਕੰਪਿਊਟਰ ਮੈਮਰੀ, ਕੰਪਿਊਟਰ ਵਿੱਚ ਇਲੈਕਟ੍ਰੌਨਿਕ ਸਪੇਸ ਹੁੰਦੀ ਹੈ।
- ਮੈਮਰੀ ਦੀਆਂ ਦੋ ਮੁੱਖ ਸ਼੍ਰੇਣੀਆਂ ਹੁੰਦੀਆਂ ਹਨ :-
  ਪ੍ਰਾਇਮਰੀ ਮੈਮਰੀ, ਸੈਕੰਡਰੀ ਮੈਮਰੀ।
- ROM ਤੋਂ ਭਾਵ ਹੈ ਰੀਡ ਓਨਲੀ ਮੈਮਰੀ ਅਤੇ RAM ਤੋਂ ਭਾਵ ਹੈ ਰੈਂਡਮ ਐਕਸੈੱਸ ਮੈਮਰੀ।
- ਸੈਕੰਡਰੀ ਮੈਮਰੀ ਨੂੰ ਐਕਸਰਟਨਲ ਮੈਮਰੀ, ਫਿਜ਼ਿਕਲ ਮੈਮਰੀ ਜਾਂ ਐਗਜ਼ੁਲਰੀ ਮੈਮਰੀ ਵੀ ਕਿਹਾ ਜਾਂਦਾ ਹੈ।
- ਐਕਸਟਨਲ ਹਾਰਡ ਡ੍ਰਾਈਵ ਪੋਰਟੇਬਲ ਸਟੋਰੇਜ ਡਿਵਾਇਸ ਹੈ ਅਤੇ ਇਹ ਪਲੱਗ-ਅਤੇ-ਪਲੇਅ ਦੇ (ਲਾਓ ਅਤੇ ਚਲਾਓ) ਆਧਾਰ 'ਤੇ ਕੰਮ ਕਰਦੀ ਹੈ।
- CD ਦੇ ਚਮਕੀਲੇ ਪਾਸੇ ਮਾਈਕਰੋ ਪਿਟਸ ਅਤੇ ਪਲੈਟਸ ਵਿੱਚ ਸੂਚਨਾ ਸਟੋਰ ਹੁੰਦੀ ਹੈ।
- ਪੈਨ ਡਰਾਈਵ ਇੱਕ ਪੋਰਟੇਬਲ ਯੂਨੀਵਰਸਲ ਸੀਰੀਅਲ ਬੱਸ (USB) ਹੁੰਦੀ ਹੈ। ਇਹ ਆਕਾਰ ਵਿੱਚ ਛੋਟੀ ਹੋਣ ਕਾਰਨ ਅਸਾਨੀ ਨਾਲ਼ ਜੇਬ ਵਿੱਚ ਵੀ ਆ ਜਾਂਦੀ ਹੈ।
- ਮੈਮਰੀ ਕਾਰਡ ਵਿੱਚ ਸਟੋਰ ਕੀਤਾ ਡਾਟਾ, ਕਾਰਡ ਰੀਡਰ ਜਾਂ ਡਾਟਾ ਕੇਬਲ ਦੀ ਮਦਦ ਨਾਲ਼ ਪੜ੍ਹਿਆ (ਦੇਖਿਆ) ਜਾ ਸਕਦਾ ਹੈ।

ਅਭਿਆਸ

1. ਖਾਲੀ ਥਾਂਵਾਂ ਭਰੋ :-

1. ਪ੍ਰਾਇਮਰੀ ਮੈਮਰੀ ਨੂੰ .... ਵੀ ਕਿਹਾ ਜਾਂਦਾ ਹੈ।
   (ੳ) ਇਨਟਰਨਲ ਮੈਮਰੀ (ਅ) ਐਕਸਟਰਨਲ ਮੈਮਰੀ
   (ੲ) ਫਿਜ਼ੀਕਲ ਮੈਮਰੀ (ਸ) ਐਗਜ਼ੁਲਰੀ ਮੈਮਰੀ
2. ....ਮੈਮਰੀ ਰੀਡ ਓਨਲੀ ਮੈਮਰੀ ਨਹੀਂ ਹੁੰਦੀ।
   (ੳ) ROM (ਅ) PROM
   (ੲ) EPROM (ਸ) RAM
3. ....ਇੱਕ ਪੋਰਟੇਬਲ ਸਟੋਰੇਜ ਡਿਵਾਇਸ ਨਹੀਂ ਹੈ।
   (ੳ) ਐਕਸਟਰਨਲ ਹਾਰਡ ਡਿਸਕ (ਅ) ਪੈੱਨ ਡ੍ਰਾਈਵ
   (ੲ) ਹਾਰਡ ਡਿਸਕ ਡ੍ਰਾਈਵ (ਸ) ਮੈਮਰੀ ਕਾਰਡ
4. ਮੈਮਰੀ ਦੇ ਛੋਟੇ-ਛੋਟੇ ਭਾਗਾਂ ਨੂੰ ____________ ਕਿਹਾ ਜਾਂਦਾ ਹੈ।
   (ੳ) ਸੈੱਲ (ਅ) ਏਰੀਆ
   (ੲ) ਇਨਟਰਸੈੱਕਸ਼ਨ (ਸ) ਕੋਈ ਨਹੀਂ
5. USB ਦਾ ਮਤਲਬ ______________ ਹੈ।
   (ੳ) ਯੂਨੀਫ਼ਾਰਮ ਸਰਵਿਸ ਬੱਕ (ਅ) ਯੂਨੀਵਰਸਲ ਸੀਰੀਅਲ ਬੱਸ
   (ੲ) ਯੂਨੀਵਰਸਲ ਸਟਰੇਟ ਬੱਸ (ਸ) ਯੂਨੀਫ਼ਾਰਮ ਸੀਰੀਅਲ ਬੱਸ

2. ਸਹੀ/ਗਲਤ

1. ਆਮ ਤੌਰ ’ਤੇ ਫ਼ਲੌਪੀ ਡਿਸਕ 3.5" ਦੇ ਸਾਈਜ਼ ਦੀ ਹੁੰਦੀ ਹੈ ਅਤੇ ਇਸ ਵਿੱਚ 1.44MB ਡਾਟਾ ਸਟੋਰ ਹੋ ਸਕਦਾ ਹੈ।
2. ਕੰਮਪੈਕਟ ਡਿਸਕ (CD) ਇੱਕ ਪੋਰਟੇਬਲ ਡਿਸਕ ਹੁੰਦੀ ਹੈ ਜਿਸ ਵਿੱਚ 650-700MB ਤੱਕ ਡਾਟਾ ਸਟੋਰ ਕਰਨ ਦੀ ਸਮਰੱਥਾ ਹੁੰਦੀ ਹੈ।
3. ਪਰਸਨਲ ਕੰਪਿਊਟਰ ਦੀ ਹਾਰਡ ਡਿਸਟ ਦੀ ਸਟੋਰੇਜ ਸਮਰੱਥਾ 20GB ਤੋਂ 500GB ਤੱਕ ਹੁੰਦੀ ਹੈ।
4. DVD ਦੀ ਸਟੋਰੇਜ ਸਮਰੱਥਾ CD ਦੇ ਮੁਕਾਬਲੇ ਘੱਟ ਹੁੰਦੀ ਹੈ
5. CD/DVD ਦੇ ਚਮਕੀਲੇ ਪਾਸੇ ਪੈੱਨ ਜਾਂ ਪੈਨਸਿਲ ਨਾਲ਼ ਲਿਖਣਾ ਚਾਹੀਦਾ ਹੈ।

3. ਛੋਟੇ ਉੱਤਰਾਂ ਵਾਲੇ/ਪ੍ਰਸ਼ਨ :-

1. ਪ੍ਰਾਇਮਰੀ ਮੈਮਰੀ ਦੀਆਂ ਕਿਸਮਾਂ ਦੇ ਨਾਂ ਦੱਸੋ।
2. ਕਿਸੇ ਚਾਰ ਸੈਕੰਡਰੀ ਮੈਮਰੀ ਦੇ ਨਾਮ ਦੱਸੋ।
3. CD/DVD ਵਰਤਦੇ ਸਮੇਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਦੱਸੋ।
4. ਮੈਂਮਰੀ ਦੀਆਂ ਦੋ ਮੁਖ ਸ਼੍ਰੇਣੀਆਂ ਬਾਰੇ ਦੱਸੋ।
5. ਪੈੱਨ ਡ੍ਰਾਈਵ ਕੀ ਹੁੰਦੀ ਹੈ?

4. ਵੱਡੇ ਉੱਤਰਾਂ ਵਾਲੇ/ਪ੍ਰਸ਼ਨ :-

1. ਮੈਮਰੀ ਕੀ ਹੁੰਦੀ ਹੈ। ਇਸ ਦੀ ਵਰਤੋਂ ਬਾਰੇ ਦੱਸੋ ।
2. ਮੈਮਰੀ ਕਾਰਡ ਕੀ ਹੁੰਦਾ ਹੈ? ਵਿਸਥਾਰ ਨਾਲ਼ ਦੱਸੋ।
3. ਫ਼ਲੌਪੀ ਡਿਸਕ ਕੀ ਹੁੰਦੀ ਹੈ।ਵਿਸਥਾਰ ਨਾਲ਼ ਦੱਸੋ।
4. CD ਕੀ ਹੁੰਦੀ ਹੈ? ਇਸ ਦੀਆਂ ਕਿਸਮਾਂ ਦਾ ਵਰਨਣ ਕਰੋ।
5. ਐਕਸਟਰਨਲ ਹਾਰਡ ਡਿਸਕ ਡ੍ਰਾਈਵ ਕੀ ਹੈ? ਇਸ ਦੇ ਲਾਭ ਲਿਖੋ।

ਪਾਠ-4

ਐੱਮ.ਐੱਸ ਵਰਡ ਵਿੱਚ ਫਾਰਮੈਟਿੰਗ (ਭਾਗ-1)

ਇਸ ਪਾਠ ਦੇ ਉਦੇਸ਼:-

4.1 ਸਿਲੈਕਸ਼ਨ ਆਫ ਟੈਕਸਟ
4.2 ਕੱਟ, ਕਾਪੀ ਅਤੇ ਪੇਸਟ
4.3 ਫਾਰਮੈਟ ਪੇਟਰ
4.4 ਟੈੱਕਸਟ ਫ਼ਾਰਮੈਟਿੰਗ
4.5 ਟੈੱਕਸਟ ਇਫੈਕਟਸ
4.6 ਚੇਂਜ ਟੈੱਕਸਟ ਕੇਸ
4.7 ਬੁਲੇਟ ਜਾਂ ਨੰਬਰ
4.8 ਟੈੱਕਸਟ ਦੀ ਅਲਾਈਨਮੈਂਟ
4.9 ਲਾਈਨ ਸਪੇਸ ਐਡਜਸਟ ਕਰਨਾ
4.1● ਸ਼ੇਡਿੰਗ
4.11 ਫ਼ਾਂਈਡ ਅਤੇ ਰਿਪਲੇਸ
4.12 ਪੇਜ ਬ੍ਰੇਕ
4.13 ਪੇਜ ਨੰਬਰ
4.14 ਹੈੱਡਰ ਤੇ ਫ਼ੁੱਟਰ
4.15 ਪਿਕਚਰ/ਕਲਿੱਪ ਆਰਟ
4.16 ਸ਼ੇਪਸ ਦਾਖ਼ਲ ਕਰਨਾ
4.17 ਸਮਾਰਟ ਆਰਟ ਗ੍ਰਾਫਿਕਸ
4.18 ਟੈਕਸਟ ਬਾਕਸ ਦਾਖਲ ਕਰਨਾ
4.19 ਵਾਰਡ ਆਰਟ
4.2● ਸਿੰਬਲਸ

ਜਾਣ-ਪਛਾਣ

ਕਈ ਵਾਰ ਸਾਨੂੰ ਪ੍ਰਭਾਵਸ਼ਾਲੀ ਡਾਕੂਮੈਂਟਸ ਨੂੰ ਤਿਆਰ ਕਰਨ, ਡਿਜ਼ਾਈਨ ਕਰਨ ਅਤੇ ਪ੍ਰਬੰਧ ਕਰਨ ਦੀ ਜ਼ਰੂਰਤ ਪੈਂਦੀ ਹੈ। ਅਜਿਹਾ ਕਰਨ ਲਈ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਡਾਕੂਮੈਂਟ ਨੂੰ ਫ਼ਾਰਮੈਂਟ ਕਿਵੇਂ ਕਰਨਾ ਹੈ। ਇਸ ਤੋਂ ਇਲਾਵਾ ਆਪਣੇ ਡਾਕੂਮੈਂਟ ਨੂੰ ਹੋਰ ਵਧੀਆ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਫ਼ਾਰਮੈਂਟ ਕੀਤਾ ਹੋਇਆ ਟੈੱਕਸਟ ਪੜ੍ਹਨ ਵਾਲ਼ੇ ਦਾ ਧਿਆਨ ਡਾਕੂਮੈਂਟ ਦੇ ਕੁਝ ਖ਼ਾਸ ਹਿੱਸਿਆ ਉੱਤੇ ਲਿਆਂਉਂਦਾ ਹੈ। ਜੋ ਪੜ੍ਹਨ ਵਾਲ਼ੇ ਤੱਕ ਆਪਣਾ ਸੰਦੇਸ਼ ਪਹੁੰਚਾਉਣ ਵਿੱਚ ਮਦਦ ਕਰਦਾ ਹੈ।

ਇਸ ਪਾਠ ਵਿੱਚ ਅਸੀਂ ਫੌਂਟ ਨੂੰ ਫ਼ਾਰਮੈਂਟ ਕਰਨਾ, ਸਾਈਜ਼ ਨੂੰ ਬਦਲਣਾ ਅਤੇ ਰੰਗ, ਟੈੱਕਸਟ ਨੂੰ ਹਾਈਲਾਈਟ ਕਰਨਾ ਅਤੇ ਬੋਲਡ ਇਟੈਲਿਕ, ਅੰਡਰਲਾਈਟ ਅਤੇ ਚੇਂਜ ਕੇਸ ਕਮਾਂਡਾਂ ਬਾਰੇ ਸਿਖਾਂਗੇ।

4.1 ਟੈੱਕਸਟ ਨੂੰ ਸਿਲੈੱਕਟ ਕਰਨਾ (Selection of text):-

ਜਦ ਵੀਂ ਅਸੀਂ ਆਪਣੇ ਡਾਕੂਮੈਂਟ ਦਾ ਟੈੱਕਸਟ ਬਦਲਣਾ ਚਾਹੁੰਦੇ ਹਾਂ ਜਾਂ ਫ਼ਾਰਮੈਟਿੰਗ ਅਪਲਾਈ ਕਰਨਾ ਚਾਹੁੰਦੇ ਹਾਂ, ਸਭ ਤੋਂ ਪਹਿਲਾਂ ਸਾਨੂੰ ਉਸ ਟੈੱਕਸਟ ਨੂੰ ਸਿਲੈੱਕਟ ਕਰਨਾ ਪਵੇਗਾ, ਜਿਸ ਨੂੰ ਅਸੀਂ ਬਦਲਣਾ ਜਾਂ ਫ਼ਾਰਮੈਂਟ ਕਰਨਾ ਚਾਹੁੰਦੇ ਹਾਂ। ਇੱਕ ਵਾਰ ਅਸੀਂ ਟੈੱਕਸਟ ਨੂੰ ਸਿਲੈੱਕਟ ਕਰ ਲਿਆ, ਇਹ ਟੈੱਕਸਟ ਹੇਠਾਂ ਚਿੱਤਰ ਵਿੱਚ ਵਿਖਾਏ ਅਨੁਸਾਰ ਨੀਲੇ ਰੰਗ ਵਿੱਚ ਹਾਈਲਾਈਟ ਹੋ ਜਾਵੇਗਾ ਅਤੇ ਸਾਡੇ ਵੱਲੋਂ ਕੀਤੇ ਗਏ ਬਦਲਾਅ ਨੂੰ ਅਪਣਾਓਣ ਲਈ ਤਿਆਰ ਹੋਵੇਗਾ।

ਚਿੱਤਰ 4.1 ਟੈੱਕਸਟ ਨੂੰ ਸਿਲੈੱਕਟ ਕਰਨਾ

MS word ਵਿੱਚ ਐਡਿਟ ਕਰਨ ਲਈ, ਟੈੱਕਸਟ ਦੀ ਸਿਲੈੱਕਸ਼ਨ ਇੱਕ ਵੱਡੀ ਭੂਮਿਕਾ ਅਦਾ ਕਰਦੀ ਹੈ। ਸਿਲੈੱਕਸ਼ਨ ਤੋਂ ਬਿਨਾਂ ਅਸੀਂ ਦਿੱਤੇ ਹੋਏ ਟੈੱਕਸਟ ਨੂੰ ਉਸ ਖ਼ਾਸ ਡਾਕੂਮੈਂਟ ਦੀ ਐਡੀਟਿੰਗ ਲਈ ਐਡਿਟ ਅਤੇ ਫ਼ਾਰਮੈਂਟ ਨਹੀਂ ਕਰ ਸਕਦੇ ਹਾਂ। ਅਸੀਂ ਹੇਠਾਂ ਲਿਖੇ ਤਰੀਕਿਆਂ ਰਾਹੀਂ ਸਿਲੈੱਕਸ਼ਨ ਕਰ ਸਕਦੇ ਹਾਂ:-

4.1.1. ਮਾਊਸ ਦੀ ਵਰਤੋਂ ਨਾਲ਼ :-

1. ਟੈੱਕਸਟ ਨੂੰ ਸਿਲੈੱਕਟ ਕਰਨ ਲਈ ਆਪਣਾ ਕਰਸਰ ਟੈੱਕਸਟ ਦੇ ਸ਼ੁਰੂ ਵਿੱਚ ਲੈ ਜਾਓ।
2. ਮਾਊਸ ਨੂੰ ਕਲਿੱਕ ਕਰੋ। ਇਸ ਨੂੰ ਦਬਾ ਕੇ ਰੱਖਦੇ ਹੋਏ, ਮਾਊਸ ਨੂੰ ਡਰੈਗ ਕਰਕੇ ਟੈੱਕਸਟ ਨੂੰ ਸਿਲੈੱਕਟ ਕਰੋ।
3. ਮਾਊਸ ਦਾ ਬਟਨ ਛੱਡ ਦਿਓ। ਟੈੱਕਸਟ ਸਿਲੈੱਕਟ ਹੋ ਜਾਵੇਗਾ।

4.1.2. ਕੀਅ-ਬੋਰਡ ਦੀ ਵਰਤੋਂ ਨਾਲ਼ :-

1. ਟੈੱਕਸਟ ਨੂੰ ਸਿਲੈੱਕਟ ਕਰਨ ਲਈ ਆਪਣਾ ਕਰਸਰ ਟੈੱਕਸਟ ਦੇ ਸ਼ੁਰੂ ਵਿੱਚ ਲੈ ਜਾਓ।
2. ਸ਼ਿਫਟ- ਕੀਅ ਨੂੰ ਦਬਾ ਕੇ ਰੱਖੋ ਅਤੇ ਐਰੋਜ਼ ਕੀਅ ਦੀ ਮਦਦ ਨਾਲ਼ ਟੈੱਕਸਟ ਨੂੰ ਸਿਲੈੱਕਟ ਕਰੋ।

ਡਾਕੂਮੈਂਟ ਵਿੱਚ ਟੈੱਕਸਟ ਨੂੰ ਸਿਲੈੱਕਟ ਕਰਨ ਦੇ ਪੜਾਅ:-

1. ਪੂਰਾ ਸ਼ਬਦ ਸਿਲੈੱਕਟ ਕਰਨ ਲਈ, ਉਸ ਉੱਤੇ ਡਬਲ ਕਲਿੱਕ ਕਰੋ।
2. ਪੂਰਾ ਪੈਰਾਗ੍ਰਾਫ ਸਿਲੈੱਕਟ ਕਰਨ ਲਈ, ਪੈਰਾਗ੍ਰਾਫ ਵਿੱਚ ਕਿਸੇ ਵੀ ਜਗ੍ਹਾ ਲਗਾਤਾਰ ਤਿੰਨ ਵਾਰ ਕਲਿੱਕ ਕਰੋ।
3. ਟੈੱਕਸਟ ਦਾ ਇੱਕ ਵੱਡਾ ਹਿੱਸਾ ਸਿਲੈੱਕਟ ਕਰਨ ਲਈ, ਮਾਊਸ ਦਾ ਖੱਬਾ ਬਟਨ ਦਬਾ ਕੇ ਉਸ ਦਾ ਕਰਸਰ ਟੈੱਕਸਟ ਦੇ ਬਲਾਕ ਉੱਪਰ ਡਰੈਗ ਕਰੋ।

4.2 ਕੱਟ, ਕਾਪੀ ਅਤੇ ਪੇਸਟ (Cut, Copy and Paste)

1. ਜੇਕਰ ਅਸੀ ਆਪਣੇ ਡਾਕੂਮੈਂਟ ਵਿੱਚ ਕੋਈ ਟੈੱਕਸਟ ਹਟਾਉਣਾ ਚਾਹੁੰਦੇ ਹਾਂ ਤਾਂ ਅਸੀਂ ਉਸ ਨੂੰ ਡਾਕੂਮੈਂਟ ਕਾਪੀ ਜਾਂ ਕੱਟ ਕਰਕੇ ਹਟਾ ਸਕਦੇ ਹਾਂ। ਪਹਿਲਾਂ ਟੈੱਕਸਟ ਨੂੰ ਸਿਲੈੱਕਟ ਕਰੋ ਅਤੇ ਹੋਮ ਟੈਬ ਵਿੱਚ ਕਲਿੱਪ ਬੋਰਡ ਗਰੁੱਪ 'ਤੇ ਜਾਓ।
2. ਕਲਿੱਪ ਬੋਰਡ ਗਰੁੱਪ ਵਿੱਚ ਕੱਟ ਜਾਂ ਕਾਪੀ ਆਪਸ਼ਨ 'ਤੇ ਕਲਿੱਕ ਕਰੋ।

   ਜਾਂ

   ਅਸੀ ਮਾਊਸ ਦੀ ਮਦਦ ਨਾਲ਼ ਜਾਂ ਰਾਈਟ ਕਲਿੱਕ ਕਰਕੇ ਕੱਟ ਜਾਂ ਕਾਪੀ ਕਰ ਸਕਦੇ ਹਾਂ।

   ਜਾਂ

   ਕੀਅ- ਬੋਰਡ ਤੋਂ Ctrl+X (ਕੱਟ) ਜਾਂ Ctrl+C (ਕਾਪੀ) ਕੀਅਜ਼ ਇੱਕਠੀਆਂ ਦਬਾਓ।
3. ਟੈੱਕਸਟ ਨੂੰ ਪੇਸਟ ਕਰਨਾ :- ਜੇਕਰ ਅਸੀਂ ਟੈੱਕਸਟ ਨੂੰ ਕਾਪੀ ਕਰ ਲਿਆ ਹੋਵੇ ਤਾਂ ਉਸ ਨੂੰ ਡਾਕੂਮੈਂਟ ਵਿੱਚ ਕਿਸੇ ਵੀ ਜਗ੍ਹਾ 'ਤੇ ਪੇਸਟ ਕਰਨ ਦੀ ਜ਼ਰੂਰਤ ਹੁੰਦੀ ਹੈ। ਕਲਿੱਪ ਬੋਰਡ ਗਰੁੱਪ ਵਿੱਚ ਪੇਸਟ ਆਪਸ਼ਨ 'ਤੇ ਕਲਿੱਕ ਕਰੋ।

   ਜਾਂ

   ਅਸੀਂ ਆਪਣੇ ਮਾਊਸ ਦਾ ਸੱਜਾ ਬਟਨ ਦਬਾ ਕੇ ਪੇਸਟ ਆਪਸ਼ਨ ਨਾਲ਼ ਵੀ ਪੇਸਟ ਕਰ ਸਕਦੇ ਹਾਂ। ਕੀਅ- ਬੋਰਡ ਤੋਂ Ctrl+V ਕੀਅਜ਼ ਨੂੰ ਇੱਕਠਿਆਂ ਦਬਾਓ।



ਚਿੱਤਰ 4.2 ਕੱਟ, ਕਾਪੀ ਅਤੇ ਪੇਸਟ

4.2.1 **ਅਨੁਡ (Undo)**:–ਐਡੀਟਿੰਗ ਸਮੇਂ ਕੀਤੇ ਗਏ ਕੰਮ ਨੂੰ ਅਸੀਂ ਅਨਡੂ ਕਮਾਂਡ ਦੀ ਵਰਤੋਂ ਨਾਲ਼ ਉਲਟਾ ਵੀ ਸਕਦੇ ਹਾਂ। ਜੇਕਰ ਅਸੀਂ ਡਾਕੂਮੈਂਟ ਵਿੱਚ ਟੈੱਕਸਟ ਨੂੰ ਐਡਿਟ ਕਰਨ ਵੇਲੇ ਕੋਈ ਗ਼ਲਤੀ ਕੀਤੀ ਹੈ ਤਾਂ quick Access toolbar ਵਿੱਚੋਂ undo ਕਮਾਂਡ 'ਤੇ ਕਲਿੱਕ ਕਰਕੇ ਠੀਕ ਕਰ ਸਕਦੇ ਹਾਂ ਅਤੇ ਇਸ ਨਾਲ਼ ਸਭ ਤੋਂ ਆਖ਼ਰ ਵਿੱਚ ਸਾਡੇ ਵੱਲੋਂ ਕੀਤਾ ਗਿਆ ਬਦਲਾਵ ਹਟ ਜਾਵੇਗਾ।



ਚਿੱਤਰ 4.3 ਅਨਡੂ

ਜਾਂ

ਨੋਟ :- ਕੀਅ- ਬੋਰਡ ਤੋਂ Ctrl+Z ਕੀਅਜ਼ ਨੂੰ ਇੱਕਠਿਆ ਦਬਾਉਣ ਨਾਲ਼ Undo ਕਮਾਂਡ ਵਰਤੀ ਜਾਂਦੀ ਹੈ।

4.3 ਫ਼ਾਰਮੈਟ ਪੇਂਟਰ (Format Painter) :-

ਫ਼ਾਰਮੈਟ ਪੇਂਟਰ ਦੀ ਸਹੂਲਤ ਨਾਲ਼ ਅਸੀਂ ਆਪਣੇ ਡਾਕੂਮੈਂਟ ਵਿੱਚ ਪਹਿਲਾਂ ਤੋਂ ਹੀ ਅਪਲਾਈ ਕੀਤੇ ਹੋਏ ਟੈੱਕਸਟ ਵਿੱਚ ਕੀਤੀ ਹੋਈ ਫਾਰਮੈਟਿੰਗ ਨੂੰ ਜਲਦੀ ਨਾਲ਼ ਕਾਪੀ ਕਰ ਸਕਦੇ ਹਾਂ।

1. ਟੈੱਕਸਟ ਜਾਂ ਗ੍ਰਾਫਿਕ ਜਿਸ ਦੀ ਫ਼ਾਰਮੈਟਿੰਗ ਕਾਪੀ ਕਰਨੀ ਹੈ, ਉਸ ਨੂੰ ਸਿਲੈੱਕਟ ਕਰੋ।
2. ਹੋਮ ਟੈਬ ਵਿੱਚ, ਕਲਿੱਪ ਬੋਰਡ ਗਰੁੱਪ ਵਿੱਚੋਂ Format Paint 'ਤੇ ਕਲਿੱਕ ਕਰੋ। ਪੁਆਇੰਟਰ ਪੇਂਟ ਬੁਰਸ਼ ਦੀ ਸ਼ੇਪ ਵਿੱਚ ਬਦਲ ਜਾਵੇਗਾ।
3. ਜਿਸ ਗ੍ਰਾਫਿਕ ਜਾਂ ਟੈੱਕਸਟ ਨੂੰ ਫ਼ਾਰਮੈਟ ਕਰਨਾ ਚਾਹੁੰਦੇ ਹਾਂ, ਉਸ ਉਪੱਰ ਆਪਣਾ ਕਰਸਰ ਉਸਦੇ ਅੱਗੇ ਲੈ ਜਾਓ ਅਤੇ ਟੈੱਕਸਟ 'ਤੇ ਕਲਿੱਕ ਕਰੋ।
4. ਫ਼ਾਰਮੈਟਿੰਗ ਨੂੰ ਰੋਕਣ ਲਈ, Esc ਕੀਅ ਦਬਾਓ ਜਾਂ Format Paint ਕਮਾਂਡ 'ਤੇ ਦੁਬਾਰਾ ਕਲਿੱਕ ਕਰੋ।

ਜਾਂ

ਕੀਅ-ਬੋਰਡ ਤੋਂ ctrl+shift+C ਕੀਅਜ਼ ਨੂੰ ਇੱਕਠਿਆ ਦਬਾਓ।

ਨੋਟ :- ਜੇਕਰ ਅਸੀਂ ਆਪਣੇ ਡਾਕੂਮੈਂਟ ਵਿੱਚੋਂ ਇੱਕ ਤੋਂ ਜ਼ਿਆਦਾ ਸਿਲੈੱਕਸ਼ਨ ਦਾ ਫ਼ਾਰਮੈਟ ਬਦਲਣਾ ਚਾਹੁੰਦੇ ਹਾਂ ਤਾਂ Format Painter ਬਟਨ 'ਤੇ ਡਬਲ ਕਲਿੱਕ ਕਰੋ।



ਚਿੱਤਰ 4.4 ਫ਼ਾਰਮੈਟ ਪੇਂਟਰ

4.4. ਟੈੱਕਸਟ ਨੂੰ ਫ਼ਾਰਮੈਟ ਕਰਨਾ:- (Formatting Text)

ਇੱਕ ਡਾਕੂਮੈਂਟ ਨੂੰ ਫ਼ਾਰਮੈਟ ਕਰਨ ਲਈ ਟੈੱਕਸਟ ਸਾਈਜ਼ ਨੂੰ ਬਦਲਣਾ, ਫ਼ੌਂਟ ਫ਼ੇਸ ਬਦਲਣਾ, ਕਲਰ ਸਟਾਈਲ ਬਦਲਣਾ, ਅਲਾਈਨਮੈਂਟ, ਲਾਈਨ ਸਪੇਸਿੰਗ, ਗ੍ਰਾਫਿਕਸ ਅਤੇ ਹੋਰ ਕਈ ਕਾਰਜ ਕਰਨਾ ਹੁੰਦਾ ਹੈ। ਕਿਸੀ ਡਾਕੂਮੈਂਟ ਵਿੱਚ ਕਰੀਏਟਿਵ ਮੋੜ ਦੇਣ ਲਈ MS word ਕਈ ਆਸਾਨ ਤਰੀਕੇ ਉਪਲੱਬਧ ਕਰਦਾ ਹੈ।

4.4.1. ਫ਼ੌਂਟ:-

ਇੱਕ ਫ਼ੌਂਟ ਇੱਕ ਖ਼ਾਸ ਫ਼ੇਸ ਅਤੇ ਸਾਈਜ਼ ਦਾ ਦਿਸਣ ਵਾਲਾ ਜਾਂ ਪ੍ਰਿੰਟ ਹੋਣ ਵਾਲਾ ਟੈੱਕਸਟ ਕਰੈਕਟਰਜ਼ (ਅੱਖਰ) ਦਾ ਸੈੱਟ ਹੁੰਦਾ ਹੈ।ਫ਼ੌਂਟ ਦੇ ਸੈਟ ਦਾ ਟਾਈਪ ਡਿਜ਼ਾਇਨ ਫ਼ੌਂਟ ਫ਼ੇਸ / ਟਾਈਪ ਫ਼ੇਸ ਹੁੰਦਾ ਹੈ।

4.4.2. ਫ਼ੌਂਟ ਜ਼ ਨੂੰ ਮਾਡੀਫ਼ਾਈ ਕਰਨਾ:-

ਫ਼ੌਂਟ ਗਰੁੱਪ ਦੀ ਮਦਦ ਨਾਲ਼ ਟੈੱਕਸਟ ਦਾ ਫ਼ੌਂਟ ਸਟਾਈਲ, ਸਾਈਜ਼, ਕਲਰ ਅਤੇ ਹੋਰ ਕਈ ਤੱਤ ਬਦਲੇ ਜਾ ਸਕਦੇ ਹਨ।

ਚਿੱਤਰ 4.5 ਫ਼ੌਂਟ ਫ਼ੇਸ



ਚਿੱਤਰ 4.6 ਫ਼ੌਟ ਸਾਇਜ਼

4.4.2.1. ਟੈੱਕਸਟ ਨੂੰ ਮਾਡੀਫ਼ਾਈ ਕਰਨ ਦੇ ਸਟੈੱਪ:-

1. ਜਿਸ ਟੈੱਕਸਟ ਨੂੰ ਮਾਡੀਫ਼ਾਈ ਕਰਨਾ ਹੈ, ਉਸ ਨੂੰ ਸਿਲੈੱਕਟ ਕਰੋ।
2. ਫ਼ੌਂਟ ਫ਼ੇਸ 'ਤੇ ਕਲਿੱਕ ਕਰੋ ਅਤੇ ਡ੍ਰਾਪ ਡਾਊਨ ਲਿਸਟ ਵਿੱਚੋਂ ਸਟਾਈਲ ਅਤੇ ਫ਼ੌਂਟ ਸਾਈਜ਼ ਨੂੰ ਇੱਕਠਿਆਂ ਸਿਲੈੱਕਟ ਕਰੋ।



ਚਿੱਤਰ 4.7 ਟੈੱਕਸਟ ਨੂੰ ਮਾਡੀਫ਼ਾਈ ਕਰਨਾ

ਨੋਟ:- ਅਸੀਂ ਗ੍ਰੋ-ਫ਼ੌਂਟ (Grow font) ਅਤੇ ਸ਼ਰਿੰਕ ਫ਼ੌਂਟ (Shrink font) ਆਪਸ਼ਨ ਨੂੰ ਕਲਿੱਕ ਕਰਕੇ ਫ਼ੌਂਟ ਸਾਈਜ਼ ਨੂੰ ਵੱਡਾ (increase) ਅਤੇ ਛੋਟਾ (decrease) ਕਰ ਸਕਦੇ ਹਾਂ।

ਜਾਂ

ਕੀਅ - ਬੋਰਡ ਤੋਂ Ctrl+ [ਅਤੇ Ctrl+] ਕੀਅਜ਼ ਨੂੰ ਇੱਕਠਿਆਂ ਦਬਾ ਕੇ ਵੀ ਟੈੱਕਸਟ ਦਾ ਸਾਈਜ਼ ਵੱਡਾ ਜਾਂ ਛੋਟਾ ਕਰ ਸਕਦੇ ਹਾਂ।



ਚਿੱਤਰ 4.8 ਗ੍ਰੋ-ਫ਼ੋਂਟ ਅਤੇ ਸ਼ਰਿੰਕ ਫ਼ੋਂਟ

4.4.3. ਫ਼ੌਂਟ ਸਟਾਈਲ(Font style) :-

ਟੈੱਕਸਟ ਲਈ ਤਿੰਨ ਤਰ੍ਹਾਂ ਦੇ ਬੇਸਿਕ ਫ਼ੌਂਟ ਸਟਾਈਲ ਵਰਤੇ ਜਾਂਦੇ ਹਨ। ਇਹ ਹੇਠਾਂ ਲਿਖੇ ਅਨੁਸਾਰ ਹਨ:-

ਬੋਲਡ : ਬੋਲਡ ਟੈੱਕਸਟ ਵਿੱਚ ਲਿਖਣ ਦਾ ਮਤਲਬ ਹੈ- ਅੱਖਰਾਂ ਨੂੰ ਮੋਟਾ ਕਰਕੇ ਲਿਖਣਾ

ਇਟੈਲਿਕ : ਇਟੈਲਿਕ ਟੈੱਕਸਟ ਵਿੱਚ ਲਿਖਣ ਦਾ ਮਤਲਬ ਹੈ- ਅੱਖਰਾਂ ਨੂੰ ਤਿਰਛਾ ਕਰਕੇ ਲਿੱਖਣਾ

ਅੰਡਰਲਾਈਨ : ਅੰਡਰਲਾਈਨ ਵਿੱਚ ਲਿਖਣ ਦਾ ਮਤਲਬ ਹੈ- ਅੱਖਰਾਂ ਨੂੰ ਲਿਖਦੇ ਹੋਏ ਉਸ ਦੇ ਨਿੱਚੇ (ਹੇਠਾਂ) ਲਾਈਨ ਖਿਚਣਾ।

4.4.3.1 ਬੋਲਡ, ਇਟੈਲਿਕ, ਅੰਡਰਲਾਈਨ (Bold, Italic, Underline) :-

ਜੇਕਰ ਟੈੱਕਸਟ ਹਾਈ ਲਾਈਟ ਕੀਤਾ ਹੋਇਆ ਹੈ ਤਾਂ ਅਸੀਂ ਟੈੱਕਸਟ ਸਟਾਈਲ ਨੂੰ ਮਾਡੀਫ਼ਾਈ ਕਰਨ ਲਈ ਹੋਮ ਟੈਬ ਵਿੱਚੋਂ ਫ਼ੌਂਟ ਗਰੁੱਪ ਵਿੱਚੋਂ ਬੋਲਡ ਇਟੈਲਿਕ ਜਾਂ ਅੰਡਰਲਾਈਨ ਕਮਾਂਡਾ 'ਤੇ ਕਲਿੱਕ ਕਰ ਸਕਦੇ ਹਾਂ।

ਜਾਂ

ਕੀਅ-ਬੋਰਡ ਤੋਂ Ctrl+B, Ctrl+I, Ctrl+U ਕੀਅਜ਼ ਨੂੰ ਇੱਕਠਿਆਂ ਦਬਾ ਕੇ ਬੋਲਡ, ਇਟੈਲਿਕ ਜਾਂ ਅੰਡਰਲਾਈਨ ਕਰ ਸਕਦੇ ਹਾਂ।



ਚਿੱਤਰ 4.9 ਬੋਲਡ, ਇਟੈਲਿਕ, ਅੰਡਰਲਾਈਨ

4.4.4. ਫ਼ੌਂਟ ਕਲਰ (Font Color):-

ਜੇਕਰ ਅਸੀਂ ਆਪਣੀ ਪਸੰਦ ਦੇ ਰੰਗ ਅਨੁਸਾਰ ਟੈੱਕਸਟ ਨੂੰ ਟਾਈਪ ਕਰਨਾ ਚਾਹੁੰਦੇ ਹਾਂ, ਤਾਂ ਹੋਮ ਟੈਬ ਦੀ ਫ਼ੋਂਟ ਗਰੁੱਪ ਵਿੱਚੋਂ ਫ਼ੌਂਟ ਕਲਰ ਚੁਣ ਸਕਦੇ ਹਾਂ। ਟੈੱਕਸਟ ਦਾ ਫ਼ੌਂਟ ਕਲਰ ਬਦਲਣ ਲਈ ਹੇਠਾਂ ਲਿਖੇ ਅਨੁਸਾਰ ਪੜਾਅ ਹਨ:-

1. ਜਿਸ ਟੈੱਕਸਟ ਨੂੰ ਮਾਡੀਫ਼ਾਈ ਕਰਨਾ ਹੈ ਉਸ ਨੂੰ ਚੁਣੋ।



ਚਿੱਤਰ 4.10 ਫ਼ੋਂਟ ਕਲਰ

2. Home ਟੈਬ 'ਤੇ ਕਲਿੱਕ ਕਰੋ। ਫ਼ੌਂਟ ਗਰੁੱਪ ਵਿੱਚ ਫ਼ੌਂਟ ਕਲਰ ਆਪਸ਼ਨ ਦੀ ਚੋਣ ਕਰੋ। ਫ਼ੌਂਟ ਕਲਰ ਡ੍ਰਾਪ ਡਾਊਨ ਬਾਕਸ ਨਜ਼ਰ ਆਵੇਗਾ।
3. ਮਾਊਸ ਪੁਆਂਇੰਟਰ ਨੂੰ ਵੱਖਰੇ-ਵੱਖਰੇ ਫ਼ੌਂਟ ਕਲਰ 'ਤੇ ਮੂਵ ਕਰੋ। ਡਾਕੂਮੈਂਟ ਵਿੱਚ ਇਹਨਾਂ ਰੰਗਾਂ ਦਾ ਇੱਕ ਲਾਈਵ ਪ੍ਰੀਵਿਊ ਨਜ਼ਰ ਆਵੇਗਾ।
4. ਆਪਣੇ ਪਸੰਦ ਦੇ ਰੰਗ ਦੀ ਚੋਣ ਕਰੋ।

4.4.5. ਟੈੱਕਸਟ ਹਾਈਲਾਈਟ ਕਲਰ (Text Highlight color):-

ਜਦ ਅਸੀਂ ਟੈੱਕਸਟ ਹਾਈਲਾਈਟ ਕਲਰ ਆਪਸ਼ਨ ਦੀ ਵਰਤੋਂ ਕਰਦੇ ਹਾਂ ਤਾਂ ਇਸ ਦਾ ਭਾਵ ਹੈ ਕਿ ਟੈੱਕਸਟ ਇੱਕ ਹਾਈਲਾਈਟਰ ਪੈੱਨ ਨਾਲ਼ ਮਾਰਕ ਕੀਤਾ ਹੋਇਆ ਨਜ਼ਰ ਆਉਂਦਾ ਹੈ। ਹਾਈਲਾਈਟ ਟੈੱਕਸਟ ਕਲਰ ਕਰਨ ਲਈ ਹੇਠਾਂ ਲਿਖੇ ਅਨੁਸਾਰ ਪੜਾਅ ਹਨ:-

1. ਜਿਸ ਟੈੱਕਸਟ ਨੂੰ ਹਾਈਲਾਈਟ ਕਰਨਾ ਹੈ ਉਸ ਨੂੰ ਸਿਲੈੱਕਟ ਕਰੋ।
2. ਹੋਮ ਟੈਬ ਵਿੱਚ ਆਪਣਾ ਕਰਸਰ ਫ਼ੌਂਟ ਗਰੁੱਪ ਵਿੱਚੋਂ ਟੈੱਕਸਟ ਹਾਈਲਾਈਨ ਕਲਰ 'ਤੇ ਮੂਵ ਕਰੋ।
3. ਆਪਣੇ ਪਸੰਦ ਦੇ ਰੰਗ ਉੱਤੇ ਕਲਿੱਕ ਕਰੋ।



ਚਿੱਤਰ 4.11 ਟੈੱਕਸਟ ਹਾਈਲਾਈਟ ਕਲਰ

4.5 ਟੈੱਕਸਟ ਇਫ਼ੈਕਟਸ (Text Effects):-

ਟੈੱਕਸਟ ਇਫ਼ੈਕਟਸ ਵਿੱਚ Outline, Shadow, Glow ਅਤੇ Refelection ਹੁੰਦਾ ਹੈ।

4.5.1. ਟੈੱਕਸਟ ਇਫ਼ੈਕਟਸ ਦਾਖ਼ਲ ਕਰਨਾ:-

1. ਜਿਸ ਟੈੱਕਸਟ ਤੇ ਇਫ਼ੈਕਟ ਦਾਖ਼ਲ ਕਰਨਾ ਹੈ, ਉਸ ਦੀ ਚੋਣ ਕਰੋ।
2. Home ਟੈਬ ਵਿੱਚ, Font ਗਰੁੱਪ ਵਿੱਚੋਂ Text effect 'ਤੇ ਕਲਿੱਕ ਕਰੋ।
3. ਜਿਹੜਾ ਇਫ਼ੈਕਟ ਚਾਹੁੰਦੇ ਹੋ ਉਸ ਉੱਤੇ ਕਲਿੱਕ ਕਰੋ।
4. ਹੋਰ ਵਿਕਲੱਪਾਂ ਲਈ, ਆਊਟਲਾਈਨ, ਸ਼ੈਡੋ, ਰਿਫ਼ਲੈਕਸ਼ ਜਾਂ ਗਲੋਅ ਨੂੰ ਪੁਆਇੰਟ ਕਰੋ ਅਤੇ ਆਪਣੀ ਪਸੰਦ ਦੇ ਇਫ਼ੈਕਟ ਨੂੰ ਲਾਗੂ ਕਰਨ ਲਈ ਕਲਿੱਕ ਕਰੋ।



ਚਿੱਤਰ 4.12 ਟੈੱਕਸਟ ਇਫ਼ੈਕਟਸ

4.5.2. ਟੈੱਕਸਟ ਇਫ਼ੈਕਟਸ ਨੂੰ ਹਟਾਉਣਾ (Remove text effects):-

1. ਜਿਸ ਟੈੱਕਸਟ ਤੋਂ ਇਫ਼ੈਕਟ ਹਟਾਉਣਾ ਚਾਹੁੰਦੇ ਹੋ, ਉਸ ਨੂੰ ਸਿਲੈੱਕਟ ਕਰੋ।
2. Home ਟੈਬ ਵਿੱਚ ਫ਼ੌਂਟ ਗਰੁੱਪ ਵਿੱਚੋਂ clear 'ਤੇ ਕਲਿੱਕ ਕਰੋ।



ਚਿੱਤਰ 4.13 ਟੈੱਕਸਟ ਇਫ਼ੈਕਟਸ ਨੂੰ ਹਟਾਉਣਾ

4.6. ਟੈੱਕਸਟ ਕੇਸ ਬਦਲਣਾ (Change Text Case) :-

ਜੇਕਰ ਅਸੀਂ ਆਪਣੇ ਡਾਕੂਮੈਂਟ ਵਿੱਚ ਟੈੱਕਸਟ ਨੂੰ ਛੋਟੇ ਅੱਖਰਾਂ ਵਿੱਚ (small letters) ਲਿਖਦੇ ਹਾਂ ਅਤੇ ਬਾਅਦ ਵਿੱਚ ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਟੈੱਕਸਟ ਵੱਡੇ ਅੱਖਰਾਂ ਵਿੱਚ (capital letters) ਹੋਣਾ ਚਾਹੀਦਾ ਹੈ ਤਾਂ ਸਾਨੂੰ ਟੈੱਕਸਟ ਨੂੰ ਡਿਲੀਟ ਕਰਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ Ms word ਸਾਨੂੰ ਟਾਈਪ ਕੀਤੇ ਹੋਏ ਟੈੱਕਸਟ ਨੂੰ ਕਿਸੇ ਵੀ ਕੇਸ ਜਿਵੇਂ ਕਿ Sentence case, Lowercase, UPPERCASE, Capitalize Each Word ਅਤੇ Toggle case ਕਰਨ ਦੀ ਸਹੂਲਤ ਦਿੰਦਾ ਹੈ।

ਅਸੀਂ ਆਪਣੇ ਡਾਕੂਮੈਂਟ ਵਿੱਚ ਸਿਲੈਕਟ ਕੀਤੇ ਹੋਏ ਟੈੱਕਸਟ ਨੂੰ ਰਿਬਨ ਵਿੱਚ change case ਬਟਨ 'ਤੇ ਕਲਿੱਕ ਕਰਕੇ ਉਸ ਦਾ ਕੇਸ ਬਦਲ ਸਕਦੇ ਹਾਂ।



ਚਿੱਤਰ 4.14 ਟੈੱਕਸਟ ਕੇਸ ਬਦਲਣਾ

1. ਜਿਸ ਟੈੱਕਸਟ ਦਾ ਕੇਸ ਬਦਲਣਾ ਹੋਵੇ, ਉਸਨੂੰ ਸਿਲੈਕਟ ਕਰੋ।
2. ਹੋਮ ਟੈਬ ਵਿੱਚ, ਫ਼ੌਂਟ ਗਰੁੱਪ ਵਿੱਚੋਂ change Case 'ਤੇ ਕਲਿੱਕ ਕਰੋ। ਡਰਾਪ ਡਾਊਨ ਲਿਸਟ ਵਿੱਚੋਂ ਆਪਸ਼ਨ ਦੀ ਚੋਣ ਕਰੋ, ਜਿਸ ਵਿੱਚ sentence case, lowercase, UPPERCASE, capitalize each word ਅਤੇ toggle case ਸ਼ਾਮਲ ਹੁੰਦੇ ਹਨ।

Sentence case
lowercase
UPPERCASE
Capitalize Each Word
tOGGLE cASE

ਚਿੱਤਰ 4.15 Change Case

ਨੋਟ :- ਅਸੀਂ ਫ਼ੌਂਟ ਗਰੁੱਪ ਦੇ ਹੇਠਲੇ ਪਾਸੇ ਸੱਜੇ ਕਾਰਨਰ ਵਿੱਚੋਂ ਕਲਿੱਕ ਕਰਕੇ "Font" ਡਾਇਲਾਗ ਬਾਕਸ (font tab) ਖੋਲ੍ਹ ਸਕਦੇ ਹਾਂ ਜਾਂ ਇਸ ਨੂੰ ਖੋਲ੍ਹਣ ਲਈ ਕੀਅ-ਬੋਰਡ ਤੋਂ Ctrl+D ਕੀਅਜ਼ ਨੂੰ ਇੱਕਠਿਆਂ ਦਬਾਓ।

ਚਿੱਤਰ 4.16 ਫ਼ੌਂਟ ਡਾਇਲਾਗ ਬਾਕਸ



ਚਿੱਤਰ 4.17 ਫ਼ੌਂਟ ਡਾਇਲਾਗ ਬਾਕਸ

4.7 ਬੁਲੇਟ ਜਾਂ ਨੰਬਰ :-

ਅਸੀਂ ਮੌਜੂਦਾ ਟੈੱਕਸਟ ਲਾਈਨਾਂ ਨੂੰ ਅਸਾਨੀ ਨਾਲ਼ ਬੁਲੇਟ ਜਾਂ ਨੰਬਰ ਲਾ ਸਕਦੇ ਹਾਂ ਜਾਂ ਅਸਾਨੀ ਨਾਲ਼ ਟਾਈਪ ਕੀਤੇ ਹੋਏ ਟੈੱਕਸਟ ਦੀਆਂ ਲਿਸਟਾਂ ਬਣਾ ਸਕਦੇ ਹਾਂ, ਬਾਈ ਡਿਫ਼ਾਲਟ ਜਦੋਂ ਅਸੀਂ ਕਿਸੇ ਚਿੰਨ੍ਹ ਜਾਂ ਨੰਬਰ ਨਾਲ਼ ਕੋਈ ਪੈਰਾਗ੍ਰਾਫ ਸ਼ੁਰੂ ਕਰਦੇ ਹਾਂ।

4.7.1 ਬੁਲੇਟ ਜਾਂ ਨੰਬਰ ਲਿਸਟ ਦਾਖ਼ਲ ਕਰਨਾ :-

ਜਿਸ ਜਗ੍ਹਾ 'ਤੇ ਲਿਸਟ ਦਾਖ਼ਲ ਕਰਨਾ ਚਾਹੁੰਦੇ ਹਾਂ, ਉਸ ਖੇਤਰ 'ਤੇ ਕਲਿੱਕ ਕਰੋ ਜਾਂ ਜਿਸ ਖੇਤਰ ਵਿੱਚ ਲਿਸਟ ਬਣਾਉਣਾ ਚਾਹੁੰਦੇ ਹੋ, ਉਸ ਖੇਤਰ ਨੂੰ ਹਾਈਲਾਈਟ ਕਰੋ।



ਚਿੱਤਰ 4.18 ਬੁਲੇਟ ਜਾਂ ਨੰਬਰ ਲਿਸਟ ਦਾਖ਼ਲ ਕਰਨਾ

1. ਹੋਮ ਟੈਬ ਉੱਤੇ ਜਾਓ, ਪੈਰਾਗ੍ਰਾਫ ਗਰੁੱਪ ਵਿੱਚੋਂ ਬੁਲੇਟਸ ਜਾਂ ਨੰਬਰਿੰਗ 'ਤੇ ਕਲਿੱਕ ਕਰੋ।
2. ਇੱਕ ਬੁਲੇਟ ਜਾਂ ਨੰਬਰ ਦਾਖ਼ਲ ਹੋ ਜਾਵੇਗਾ।

4.7.2 ਬੁਲੇਟ ਜਾਂ ਨੰਬਰ ਸਟਾਈਲ ਸਿਲੈਕਟ ਕਰਨਾ

1. ਉਹਨਾਂ ਆਾਈਟਮਜ਼ ਨੂੰ ਸਿਲੈਕਟ ਕਰੋ, ਜਿਸ ਤੋਂ ਅਸੀਂ ਬੁਲੇਟ ਜਾਂ ਨੰਬਰ ਦਾਖ਼ਲ ਕਰਨਾ ਚਾਹੁੰਦੇ ਹਾਂ।
2. ਹੋਮ ਟੈਬ ਉੱਤੇ, ਪੈਰਾਗ੍ਰਾਫ ਵਿੱਚੋਂ ਬੁਲੇਟ ਜਾਂ ਨਬਰਿੰਗ ਕਮਾਂਡ ਐਰੋ 'ਤੇ ਕਲਿੱਕ ਕਰੋ।
3. ਆਪਣੀ ਪਸੰਦ ਅਨੁਸਾਰ ਬੁਲੇਟ ਜਾਂ ਨੰਬਰ ਦਾਖ਼ਲ ਕਰਨ ਲਈ ਲੋੜੀਂਦੇ ਫ਼ਾਰਮੈਟ ਨੂੰ ਚੁਣੋ।

ਨੋਟ– ਲਿਸਟ ਨੂੰ ਖ਼ਤਮ ਕਰਨ ਲਈ 2 ਵਾਰ ਐਂਟਰ ਦਬਾਓ ਜਾਂ ਲਿਸਟ ਵਿੱਚੋਂ ਆਖ਼ਰੀ ਬੁਲੇਟ ਜਾਂ ਨੰਬਰ ਡਿਲੀਟ ਕਰਨ ਲਈ ਬੈਕਸਪੇਸ –ਕੀਅ ਦਬਾਓ।



ਚਿੱਤਰ 4.19 ਬੁਲੇਟ ਸਟਾਈਲ

ਚਿੱਤਰ 4.20 ਨੰਬਰ ਸਟਾਈਲ

➤ ਵਰਡ ਆਪਣੇ- ਆਪ ਅਗਲਾ ਬੁਲੇਟ ਜਾਂ ਨੰਬਰ ਦਾਖ਼ਲ ਕਰ ਦੇਵੇਗਾ। (ਜੇਕਰ ਮਲਟੀਲੇਵਲ ਲਿਸਟ ਤਿਆਰ ਕਰਨਾ ਚਾਹੁੰਦੇ ਹੋ ਤਾਂ ਟੈਬ- ਕੀਅ ਦਬਾਓ)।

4.8 ਟੈੱਕਸਟ ਦੀ ਅਲਾਇਨਮੈਂਟ (Alignment of Text):-

ਅਲਾਇਨਮੈਂਟ ਪੈਰਾਗ੍ਰਾਫ ਦੇ ਕਿਨਾਰਿਆਂ ਦੀ ਦਿੱਖ ਅਤੇ ਓਰੀਐਂਨਟੇਸ਼ਨ ਨਿਰਧਾਰਿਤ ਕਰਦੀ ਹੈ ਜਿਵੇਂ ਕਿ ਲੈਫ਼ਟ ਅਲਾਇਨ ਟੈੱਕਸਟ, ਰਾਈਟ ਅਲਾਇਨ ਟੈੱਕਸਟ, ਸੈਂਟਰਡ ਟੈੱਕਸਟ ਜਾਂ ਜਸਟੀਫ਼ਾਈਡ ਟੈੱਕਸਟ ਜਿਹੜਾ ਕਿ ਖੱਬੇ ਜਾਂ ਸੱਜੇ ਮਾਰਜਨ ਦੇ ਅਨੁਸਾਰ ਅਲਾਇਨ ਹੈ (ਇਹ ਕਾਮਨ ਅਲਾਇਨਮੈਂਟ ਹੁੰਦੀ ਹੈ), ਪੈਰਾਗ੍ਰਾਫ ਦਾ ਖੱਬਾ ਕਿਨਾਰਾ ਖੱਬੇ ਮਾਰਜਨ ਦੇ ਅਨੁਸਾਰ ਅਲਾਇਨ ਹੁੰਦਾ ਹੈ।



ਚਿੱਤਰ 4.21 ਟੈੱਕਸਟ ਦੀ ਅਲਾਇਨਮੈਂਟ

4.8.1 ਟੈੱਕਸਟ ਅਲਾਇਨਮੈਂਟ ਬਦਲਣਾ:–

- ਮੋਡੀਫ਼ਾਈ ਕਰਨ ਵਾਲਾ ਟੈੱਕਸਟ ਸਿਲੈਕਟ ਕਰੋ।
- ਹੋਮ ਟੈਬ ਦੇ ਪੈਰਾਗ੍ਰਾਫ ਗਰੁੱਪ ਦੇ ਚਾਰ ਅਲਾਇਨਮੈਂਟ ਆਪਸ਼ਨ ਵਿੱਚੋਂ ਕਿਸੇ ਇੱਕ ਦੀ ਚੋਣ ਕਰੋ।

1. ਟੈੱਕਸਟ ਨੂੰ ਖੱਬੇ ਪਾਸੇ ਅਲਾਇਨ ਕਰਨਾ**:** ਚੁਣੇ ਹੋਏ ਸਾਰੇ ਟੈੱਕਸਟ ਨੂੰ ਖੱਬੇ ਮਾਰਜਨ ਅਨੁਸਾਰ ਆਨਲਾਈਨ ਕਰਨਾ।(Ctrl+L ਕੀਅ ਦਬਾਓ)।
2. ਸੈਂਟਰ: ਚੁਣੇ ਹੋਏ ਟੈੱਕਸਟ ਨੂੰ ਖੱਬੇ ਅਤੇ ਸੱਜੇ ਮਾਰਜਨ ਤੋਂ ਇੱਕ ਸਮਾਨ ਦੂਰੀ ਅਨੁਸਾਰ ਆਨ ਲਾਈਨ ਕਰਨਾ।(Ctrl+E ਕੀਅ ਦਬਾਓ)।
3. ਟੈੱਕਸਟ ਨੂੰ ਸੱਜੇ ਪਾਸੇ ਅਲਾਇਨ ਕਰਨਾ –ਚੁਣੇ ਹੋਏ ਟੈੱਕਸਟ ਨੂੰ ਸੱਜੇ ਮਾਰਜਨ ਅਨੁਸਾਰ ਅਲਾਇਨ ਕਰਨਾ (Ctrl+R ਕੀਅ ਦਬਾਓ)।
4. **ਜਸਟੀਫ਼ਾਈਡ:** ਚੁਣੇ ਹੋਏ ਟੈੱਕਸਟ ਨੂੰ ਖੱਬੇ ਅਤੇ ਸੱਜੇ ਮਾਰਜਨ ਅਨੁਸਾਰ ਦੋਂਹਾਂ ਪਾਸਿਆਂ ਤੋਂ ਬਰਾਬਰ ਦੂਰੀ ਅਨੁਸਾਰ ਅਲਾਇਨ ਕਰਨਾ। ਇਸ ਨੂੰ ਬਹੁਤਾ ਸਮਾਚਾਰ ਪੱਤਰਾਂ ਅਤੇ ਮੈਗਜ਼ੀਨਾਂ ਰਾਹੀਂ ਵਰਤਿਆ ਜਾਂਦਾ ਹੈ। (Ctrl+J ਕੀਅ ਦਬਾਓ)

Aligns all selected text to the left margin
Aligns text an equal distance from the left and right margins
Aligns all selected text to the right margin
Aligns text equally on both sides and lines up equally to the right and left margins

ਚਿੱਤਰ 4.22 ਟੈੱਕਸਟ ਦੀ ਅਲਾਇਨਮੈਂਟ

4.9 ਲਾਈਨ-ਸਪੇਸਿੰਗ ਐਡਜਸਟ ਕਰਨਾ :–

ਇੱਕ ਪੈਰਾਗ੍ਰਾਫ ਵਿੱਚ ਲਾਈਨਾਂ ਵਿੱਚਕਾਰ ਦੂਰੀ ਬਾਕੀ ਡਿਫ਼ਾਲਟ 1.15 ਪੁਆਇੰਟ ਅਤੇ ਪੈਰਾਗ੍ਰਾਫ ਤੋਂ ਬਾਅਦ ਦੂਜੀ 10 ਪੁਆਇੰਟ ਹੁੰਦੀ ਹੈ। ਐੱਮ.ਐੱਸ. ਵਰਡ ਡਾਕੂਮੈਂਟ ਵਿੱਚ ਡਿਫ਼ਾਲਟ ਸਪੇਸਿੰਗ ਲਾਈਨਾਂ ਲਈ 1.0 ਪੁਆਇੰਟ ਅਤੇ ਪੈਰਾਗ੍ਰਾਫ ਲਈ ਕੋਈ ਬਲੈਂਕ ਲਾਈਨ ਨਹੀਂ ਹੁੰਦੀ ਹੈ। ਪੂਰੇ ਡਾਕੂਮੈਂਟ ਵਿੱਚ ਲਾਈਨ ਸਪੇਸਿੰਗ ਬਦਲਣ ਲਈ ਸਭ ਤੋਂ ਅਸਾਨ ਤਰੀਕਾ ਇਹ ਹੈ ਕਿ ਪੈਰਾਗ੍ਰਾਫ ਜਾਂ ਪੂਰਾ ਡਾਕੂਮੈਂਟ, ਜਿਸ ਦੀ ਲਾਈਨ -ਸਪੇਸਿੰਗ ਤੁਸੀਂ ਬਦਲਣਾ ਚਾਹੁੰਦੇ ਹੋ, ਉਸ ਨੂੰ ਹਾਈਲਾਈਟ ਕਰੋ।

ਲਾਈਨ ਸਪੇਸਿੰਗ ਐਡਜਸਟ ਕਰਨ ਨਾਲ਼ ਤੁਹਾਡੇ ਡਾਕੂਮੈਂਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ਼ ਪੜ੍ਹਿਆ ਜਾ ਸਕਦਾ ਹੈ। ਅਸੀਂ ਇਸ ਨੂੰ ਹੋਰ ਵਧੀਆ ਪੜ੍ਹਨਯੋਗ ਕਰਨ ਲਈ ਇਸ ਦੀ ਸਪੇਸਿੰਗ ਨੂੰ ਵਧਾ ਸਕਦੇ ਹਾਂ ਜਾਂ ਟੈੱਕਸਟ ਨੂੰ ਪੂਰੇ ਪੇਜ 'ਤੇ ਫ਼ਿੱਟ ਕਰਨ ਲਈ ਇਸ ਨੂੰ ਘਟਾ ਸਕਦੇ ਹਾਂ।



ਚਿੱਤਰ 4.23 ਲਾਈਨ ਸਪੇਸਿੰਗ ਐਡਜਸਟ ਕਰਨਾ

4.9.1 ਲਾਈਨ ਸਪੇਸਿੰਗ ਨੂੰ ਫ਼ਾਰਮੈਟ ਕਰਨਾ :–

1. ਫ਼ਾਰਮੈਂਟ ਕਰਨ ਲਈ ਟੈੱਕਸਟ ਦੀ ਚੋਣ ਕਰੋ।
2. ਹੋਮ ਟੈਬ ਦੇ ਪੈਰਾਗ੍ਰਾਫ ਗਰੁੱਪ ਵਿੱਚ ਲਾਈਨ ਐਂਡ ਪੈਰਾਗ੍ਰਾਫ ਸਪੇਸਿੰਗ ਆਪਸ਼ਨ ਦੀ ਚੋਣ ਕਰੋ।
3. ਡਰਾਪ ਡਾਊਨ ਮੀਨੂੰ ਵਿੱਚੋਂ ਆਪਣੀ ਜ਼ਰੂਰਤ ਅਨੁਸਾਰ ਸਪੇਸਿੰਗ ਆਪਸ਼ਨ ਦੀ ਚੋਣ ਕਰੋ.
4. ਡਰਾਪ ਡਾਊਨ ਮੀਨੂੰ ਵਿੱਚੋਂ ਅਸੀਂ ਲਾਈਨ ਸਪੇਸਿੰਗ ਆਪਸ਼ਨ ਨੂੰ ਪੈਰਾਗ੍ਰਾਫ ਡਾਇਲਾਗ ਬਾਕਸ ਨੂੰ ਖੋਲ੍ਹਣ ਲਈ ਵੀ ਚੁਣ ਸਕਦੇ ਹਾਂ, ਇਸ ਰਾਹੀਂ ਅਸੀਂ ਲਾਈਨ ਸਪੇਸਿੰਗ ਨੂੰ ਹੋਰ ਵਧੀਆ ਪ੍ਰਭਾਵ ਨਾਲ਼ ਐਡਜਸਟ ਕਰ ਸਕਦੇ ਹਾਂ।

   ਜਦੋਂ ਅਸੀਂ ਪੈਰਾਗ੍ਰਾਫ ਡਾਇਲਾਗ ਬਾਕਸ ਵਿੱਚੋਂ ਲਾਈਨ ਸਪੇਸਿੰਗ ਨੂੰ at least or exactly ਚੁਣਦੇ ਹਾਂ ਤਾਂ ਇਹ ਲਾਈਨ ਸਪੇਸਿੰਗ points ਵਿੱਚ ਮਾਪੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਨੂੰ ਲਾਈਨਾਂ ਵਿੱਚ ਮਾਪਿਆ ਜਾਂਦਾ ਹੈ।

ਨੋਟ :– ਅਸੀਂ ਇਸ ਗਰੁੱਪ ਦੇ ਹੇਠਲੇ ਪਾਸੇ ਸੱਜੇ ਕੋਨੇ 'ਤੇ ਕਲਿੱਕ ਕਰਕੇ ਵੀ ਪੈਰਾਗ੍ਰਾਫ ਬਾਕਸ (indents and spacing stab) ਨੂੰ ਅਸਾਨੀ ਨਾਲ਼ ਖ਼ੋਲ ਸਕਦੇ ਹਾਂ।